06	ਪਟੇਲ ਚੌਕ	ਇਜਾਜ਼ਤ ਨਹੀਂ: ਸੰਸਦ ਮਾਰਗ ਤੇ ਵਿੰਡਸਰ ਪਲੇਸ ਅਤੇ ਆਰਬੀਆਈ ਵੱਲ ਡਾਇਵਰਸ਼ਨ ਰੂਟ: ਅਸ਼ੋਕਾ ਰੋਡ → ਜੀਪੀਓ -ਨਵੀਂ ਦਿੱਲੀ /ਦੱਖਣੀ/ਪੱਛਮੀ/ਮੱਧ ਦਿੱਲੀ ਡਾਇਵਰਸ਼ਨ ਰੂਟ: ਸੰਸਦ ਮਾਰਗ → ਕਨਾਟ ਪਲੇਸ-ਮੱਧ/ਉੱਤਰ/ਪੱਛਮ/ਪੂਰਬੀ ਦਿੱਲੀ
07	ਆਰਐਮਐਲ ਹਸਪਤਾਲ ਗੋਲ ਚੱਕਰ	ਇਜਾਜ਼ਤ ਨਹੀਂ: ਮਦਰ ਟੈਰੇਸਾ ਕ੍ਰੇਸੈਂਟ ਅਤੇ ਤਾਲਕਟੋਰਾ ਰੋਡ ਵੱਲ ਡਾਇਵਰਸ਼ਨ ਰੂਟ: ਸ਼ੇਖ ਮੁਜੀਬੁਰ ਰਹਿਮਾਨ ਮਾਰਗ - ਕੇਂਦਰੀ/ਦੱਖਣੀ/ਪੱਛਮੀ/ਉੱਤਰੀ ਦਿੱਲੀ ਡਾਇਵਰਸ਼ਨ ਰੂਟ: ਬਾਬਾ ਖੜਕ ਸਿੰਘ ਮਾਰਗ - ਕਨਾਟ ਪਲੇਸ / ਪੱਛਮੀ / ਉੱਤਰੀ / ਮੱਧ / ਪੂਰਬੀ ਦਿੱਲੀ
08	ਵੰਦੇ ਮਾਤਰਮ ਮਾਰਗ/ਸਾਈਮਨ ਬੋਲੀਵਰ ਮਾਰਗ	ਇਜਾਜ਼ਤ ਨਹੀਂ: ਸਾਈਮਨ ਬੋਲੀਵਾਰ ਰੂਟ ਡਾਇਵਰਸ਼ਨ ਰੂਟ: ਵੰਦੇ ਮਾਤਰਮ ਮਾਰਗ - ਧੌਲਾ ਕੁਆਂ - ਦੱਖਣੀ ਦਿੱਲੀ ਡਾਇਵਰਸ਼ਨ ਰੂਟ: ਵੰਦੇ ਮਾਤਰਮ ਮਾਰਗ - ਕਰੋਲ ਬਾਗ - ਨਵੀਂ ਦਿੱਲੀ/ਪੂਰਬ/ਉੱਤਰ/ਪੱਛਮ/ਮੱਧ ਦਿੱਲੀ
09	ਧੌਲਾ ਕੁਆਂ ਫਲਾਈਓਵਰ	ਇਜਾਜ਼ਤ ਨਹੀਂ: ਸਰਦਾਰ ਪਟੇਲ ਮਾਰਗ ਡਾਇਵਰਸ਼ਨ ਰੂਟ: ਰਿੰਗ ਰੋਡ (ਦੋਵੇਂ ਪਾਸੇ) - ਦੱਖਣੀ/ਨਵੀਂ ਦਿੱਲੀ/ਪੂਰਬੀ ਦਿੱਲੀ ਅਤੇ ਕੇਂਦਰੀ/ਪੱਛਮੀ/ਪੂਰਬੀ ਦਿੱਲੀ ਡਾਇਵਰਸ਼ਨ ਰੂਟ: ਵੰਦੇ ਮਾਤਰਮ ਮਾਰਗ - ਨਵੀਂ ਦਿੱਲੀ/ਉੱਤਰੀ/ਮੱਧ/ਪੂਰਬੀ ਦਿੱਲੀ ਡਾਇਵਰਸ਼ਨ ਰੂਟ: NH-48/ਗੁੜਗਾਓਂ ਰੋਡ - ਆਈਜੀਆਈ ਹਵਾਈ ਅੱਡਾ ਅਤੇ ਗੁਰੂਗ੍ਰਾਮ
10	ਮੋਤੀ ਬਾਗ ਫਲਾਈਓਵਰ	ਇਜਾਜ਼ਤ ਨਹੀਂ: ਸ਼ਾਂਤੀ ਮਾਰਗ ਡਾਇਵਰਸ਼ਨ ਰੂਟ: ਰਿੰਗ ਰੋਡ (ਦੋਵੇਂ ਪਾਸੇ) - ਦੱਖਣੀ/ਨਵੀਂ ਦਿੱਲੀ/ਪੂਰਬੀ ਦਿੱਲੀ ਅਤੇ ਕੇਂਦਰੀ/ਪੱਛਮੀ/ਪੂਰਬੀ ਦਿੱਲੀ ਡਾਇਵਰਸ਼ਨ ਰੂਟ: ਰਾਓ ਤੁਲਾ ਰਾਮ ਮਾਰਗ - ਦੱਖਣ-ਪੱਛਮੀ ਦਿੱਲੀ, ਆਈਜੀਆਈ ਹਵਾਈ ਅੱਡਾ ਅਤੇ ਗੁਰੂਗ੍ਰਾਮ
11	ਬ੍ਰਿਗੇਡੀਅਰ ਹੁਸ਼ਿਆਰ ਸਿੰਘ ਮਾਰਗ ਗੋਲ ਚੱਕਰ	ਇਜਾਜ਼ਤ ਨਹੀਂ: ਅਫਰੀਕਾ ਐਵੇਨਿਊ ਤੋਂ ਯਸ਼ਵੰਤ ਪਲੇਸ ਵੱਲ। ਡਾਇਵਰਸ਼ਨ ਰੂਟ: ਬ੍ਰਿਗੇਡੀਅਰ ਹੁਸ਼ਿਆਰ ਸਿੰਘ ਮਾਰਗ - ਨਵੀਂ ਦਿੱਲੀ/ਦੱਖਣੀ/ਪੂਰਬੀ ਜ਼ਿਲ੍ਹਾ ਡਾਇਵਰਸ਼ਨ ਰੂਟ: ਅਫਰੀਕਾ ਐਵੇਨਿਊ - ਭੀਕਾਜੀ ਕਾਮਾ ਫਲਾਈਓਵਰ - ਦੱਖਣ/ਪੂਰਬ/ਕੇਂਦਰੀ/ਉੱਤਰ/ਪੱਛਮੀ ਦਿੱਲੀ
12	ਮਦਰੱਸਾ ਟੀ-ਪੁਆਇੰਟ	ਇਜਾਜ਼ਤ ਨਹੀਂ : ਅਰਬਿੰਦੋ ਮਾਰਗ ਵੱਲ ਡਾਇਵਰਸ਼ਨ ਰੂਟ: ਲੋਧੀ ਰੋਡ - ਦੱਖਣੀ/ਪੂਰਬੀ ਦਿੱਲੀ ਡਾਇਵਰਸ਼ਨ ਰੂਟ: ਅਰਬਿੰਦੋ ਮਾਰਗ ਸਫਦਰਜੰਗ ਫਲਾਈਓਵਰ - ਦੱਖਣੀ/ਨਵੀਂ ਦਿੱਲੀ/ਪੱਛਮੀ/ਮੱਧ/ਉੱਤਰੀ ਦਿੱਲੀ
13	ਲੋਧੀ ਰੋਡ/ਅੰਮ੍ਰਿਤਾ ਸ਼ੇਰਗਿੱਲ ਮਾਰਗ	ਇਜਾਜ਼ਤ ਨਹੀਂ: ਅੰਮ੍ਰਿਤਾ ਸ਼ੇਰਗਿੱਲ ਮਾਰਗ ਡਾਇਵਰਸ਼ਨ ਰੂਟ: ਲੋਧੀ ਰੋਡ - ਦੱਖਣ/ਪੂਰਬ/ਪੱਛਮ/ਕੇਂਦਰੀ /ਉੱਤਰ/ਨਵੀਂ ਦਿੱਲੀ
14	ਲੋਧੀ ਰੋਡ/ਮੈਕਸ ਮੂਲਰ ਮਾਰਗ	ਇਜਾਜ਼ਤ ਨਹੀਂ: ਮੈਕਸ ਮੂਲਰ ਰੋਡ ਡਾਇਵਰਸ਼ਨ ਰੂਟ: ਲੋਧੀ ਰੋਡ - ਦੱਖਣ/ਪੂਰਬ/ਪੱਛਮ/ਕੇਂਦਰੀ/ਉੱਤਰ/ਨਵੀਂ ਦਿੱਲੀ
15	ਲੋਧੀ ਰੋਡ / ਮਹਾਰਿਸ਼ੀ ਰਮਨ ਮਾਰਗ	ਇਜ਼ਾਜ਼ਤ ਨਹੀਂ: ਮਹਾਰਿਸ਼ੀ ਰਮਨ ਮਾਰਗ ਡਾਇਵਰਸ਼ਨ ਰੂਟ: ਲੋਧੀ ਰੋਡ - ਦੱਖਣ/ਪੂਰਬ/ਪੱਛਮ/ਕੇਂਦਰੀ/ਉੱਤਰ/ਨਵੀਂ ਦਿੱਲੀ ਡਾਇਵਰਸ਼ਨ ਰੂਟ: ਭੀਸ਼ਮ ਪਿਤਾਮਾ ਮਾਰਗ - ਦੱਖਣੀ ਦਿੱਲੀ
16	ਲੋਧੀ ਰੋਡ/ਆਰਚਬਿਸ਼ਪ ਮਕਾਰਿਓਸ ਮਾਰਗ	ਇਜਾਜ਼ਤ ਨਹੀਂ: ਆਰਚਬਿਸ਼ਪ ਮਕਾਰਿਓਸ ਮਾਰਗ ਡਾਇਵਰਸ਼ਨ ਰੂਟ: ਲੋਧੀ ਰੋਡ - ਦੱਖਣ/ਪੂਰਬ/ਪੱਛਮ/ਕੇਂਦਰੀ/ਉੱਤਰ/ਨਵੀਂ ਦਿੱਲੀ
17	ਲੋਧੀ ਫਲਾਈਓਵਰ ਦੇ ਹੇਠਾਂ	ਇਜਾਜ਼ਤ ਨਹੀਂ: ਮਥੁਰਾ ਰੋਡ ਤੋਂ ਭਾਰਤ ਮੰਡਪਮ ਵੱਲ। ਡਾਇਵਰਸ਼ਨ ਰੂਟ: ਲੋਧੀ ਰੋਡ - ਨੀਲਾ ਗੁੰਬਦ - ਦੱਖਣੀ/ਪੂਰਬੀ ਦਿੱਲੀ ਡਾਇਵਰਸ਼ਨ ਰੂਟ: ਬਾਰਾਪੁਲਾ ਫਲਾਈਓਵਰ - ਪੂਰਬੀ ਦਿੱਲੀ ਡਾਇਵਰਸ਼ਨ ਰੂਟ: ਲੋਧੀ ਰੋਡ ਮਦਰੱਸਾ / ਲਾਲਾ ਲਾਜਪਤ ਰਾਏ ਮਾਰਗ - ਦੱਖਣ/ਪੱਛਮੀ/ਕੇਂਦਰੀ/ਉੱਤਰੀ/ਨਵੀਂ ਦਿੱਲੀ
18	ਨੀਲਾ ਗੁੰਬਦ	ਇਜਾਜ਼ਤ ਨਹੀਂ: ਓਬਰਾਏ ਫਲਾਈਓਵਰ / ਡਾ. ਜ਼ਾਕਿਰ ਹੁਸੈਨ ਮਾਰਗ ਵੱਲ ਡਾਇਵਰਸ਼ਨ ਰੂਟ: ਮਥੁਰਾ ਰੋਡ - ਆਸ਼ਰਮ ਚੌਕ - ਦੱਖਣ/ਪੂਰਬ/ਕੇਂਦਰੀ/ਉੱਤਰੀ ਦਿੱਲੀ ਡਾਇਵਰਸ਼ਨ ਰੂਟ: ਲੋਧੀ ਰੋਡ- ਦੱਖਣ/ਪੱਛਮ/ਕੇਂਦਰੀ/ਉੱਤਰ/ਨਵੀਂ ਦਿੱਲੀ
19	ਓਬਰਾਏ ਫਲਾਈਓਵਰ ਦੇ ਹੇਠਾਂ	ਇਜਾਜ਼ਤ ਨਹੀਂ: ਮਥੁਰਾ ਰੋਡ ਡਾਇਵਰਸ਼ਨ ਰੂਟ: ਡੀਪੀਐਸ ਮਥੁਰਾ ਰੋਡ ਦੇ ਸਾਹਮਣੇ ਅੰਡਰਪਾਸ 'ਤੇ ਯੂ-ਟਰਨ ਲੈਕੇ ਲੋਧੀ ਫਲਾਈਓਵਰ ਤੋ- ਦੱਖਣ/ਪੂਰਬ/ਪੱਛਮ /ਕੇਂਦਰੀ/ਉੱਤਰ/ਨਵੀਂ ਦਿੱਲੀ। ਆਗਿਆ ਹੈ: ਓਬਰਾਏ ਹੋਟਲ ਅਤੇ ਗੋਲਫ ਲਿੰਕਸ ਨੂੰ ਜਾਣ ਵਾਲੇ ਵਾਹਨ।
20	ਯੂ-ਟਰਨ ਡੀਪੀਐਸ ਦੇ ਸਾਹਮਣੇ, ਮਥੁਰਾ ਰੋਡ	ਇਜਾਜ਼ਤ ਨਹੀਂ: ਭਾਰਤ ਮੰਡਪਮ ਵੱਲ ਡਾਇਵਰਸ਼ਨ ਰੂਟ: ਡੀਪੀਐਸ ਮਥੁਰਾ ਰੋਡ ਦੇ ਸਾਹਮਣੇ ਅੰਡਰਪਾਸ 'ਤੇ ਯੂ-ਟਰਨ ਲਓ ਅਤੇ ਲੋਧੀ ਫਲਾਈਓਵਰ - ਦੱਖਣ/ਪੂਰਬ/ਪੱਛਮ /ਕੇਂਦਰੀ/ਉੱਤਰ/ਨਵੀਂ ਦਿੱਲੀ ਲਓ।
21	ਰਿੰਗ ਰੋਡ/ਭੈਰੋਂ ਰੋਡ	ਇਜਾਜ਼ਤ

ਪੰਜਾਬੀ ਲਾੜੀ ਵਿਆਹ ਸਮੇਂ ਕਿਉਂ ਪਾਉਂਦੀ ਹੈ ਲਾਲ ਚੂੜਾ?

ਪੰਜਾਬੀ ਲਾੜੀ ਚੂੜੇ ਨਾਲ ਹੀ ਲਾੜੀ ਲਗਦੀ ਹੈ ਨਹੀਂ ਤਾਂ ਅਧੂਰੀ ਲਾੜੀ ਲਗਦੀ ਹੈ। ਇਸ ਦੀ ਪਾਉਣ ਨਾਲ ਲਾੜੀ ਦੀ ਸੁੰਦਰਤਾ ਹੋਰ ਵੱਧ ਜਾਂਦੀ ਹੈ। ਇਹ ਚੂੜਾ ਇਨ੍ਹਾਂ ਚੰਗਾ ਲਗਦਾ ਹੈ ਕਿ ਹੁਣ ਪੰਜਾਬੀਆਂ ਤੋਂ ਬਾਹਰ ਦੇ ਲੋਕ ਵੀ ਇਸ ਨੂੰ ਅਪਨਾਉਣ ਲੱਗ ਪਏ ਹਨ।

ਪਹਿਲਾਂ ਚੂੜਾ ਹਾਥੀ ਦੰਦ ਦਾ ਹੁੰਦਾ ਸੀ, ਪਰ ਸਮੇਂ ਦੇ ਨਾਲ ਮਹਿੰਗਾ ਅਤੇ ਹਾਥੀਆਂ ਦੀ ਘੱਟਦੀ ਸੰਖਿਆ ਕਰਕੇ ਇਸ ਰਿਵਾਜ਼ ਘੱਟ ਹੋ ਗਿਆ ਹੈ।

ਚੂੜਾ ਸਿੰਗਲ ਜਾਂ ਡਬਲ ਹੁੰਦਾ ਹੈ। ਜ਼ਿਆਦਾਤਰ ਕੁੜੀਆਂ ਡਬਲ ਚੂੜਾ ਪਾ ਕੇ ਖੁਸ਼ ਹੁੰਦੀਆਂ ਹਨ।

ਚੂੜਾ ਇਕ ਰਾਤ ਪਹਿਲੇ ਸ਼ੁੱਧ ਕਰਨ ਲਈ, ਕੱਚੀ ਲੱਸੀ 'ਚ ਭਿਓ ਕੇ ਰੱਖਿਆ ਜਾਂਦਾ ਹੈ

ਵਿਆਹ ਵਾਲੇ ਦਿਨ ਚੂੜਾ ਕੁੜੀ ਨੂੰ ਦਿਖਾਏ ਬਿਨ੍ਹਾਂ ਮਾਮੇ ਦੁਆਰਾ ਪਾਇਆ ਜਾਂਦਾ ਹੈ। ਕੁੜੀ ਨੂੰ ਪੂਰੀ ਤਰ੍ਹਾਂ ਤਿਆਰ ਹੋਣ ਤੋਂ ਬਾਅਦ ਜਾਂ ਲਾੜੇ ਦੇ ਨਾਲ ਬੈਠਣ ਤੋਂ ਬਾਅਦ ਹੀ ਚੂੜਾ ਦਿਖਾਣ ਦੀ ਇਜਾਜ਼ਤ ਹੁੰਦੀ ਹੈ।

ਚੂੜੇ ਦੀ ਰਸਮ ਤੋਂ ਬਾਅਦ ਕਲੀਰੇ ਦੀ ਰਸਮ ਹੁੰਦੀ ਹੈ। ਇਸ 'ਚ ਕੁੜੀ ਦੀਆਂ ਸਹੇਲੀਆਂ ਕੁੜੀ ਨੂੰ ਕਲੀਰੇ ਬਣਦੀਆਂ ਹਨ । ਇਸ ਤੋਂ ਬਾਅਦ ਕੁੜੀ ਉਸ ਸਹੇਲੀ ਦੇ ਸਿਰ 'ਤੇ ਚੂੜਾ ਛੱਡਦੀ ਹੈ ਜਿਸ ਦੇ ਵਿਆਹ ਦੀ ਆਸ ਹੋਵੇ। ਜਿਸ ਸਹੇਲੀ ਦੇ ਸਿਰ 'ਤੇ ਕਲੀਰਾ ਡਿੱਗ ਜਾਂਦਾ ਹੈ ਉਸਨੂੰ ਦੇ ਵੀ ਜਲਦੀ ਵਿਆਹ ਦੀ ਆਸ ਹੋ ਜਾਂਦੀ ਹੈ।

ਚੂੜਾ ਵਿਆਹੇ ਹੋਏ ਹੋਣ ਦਾ ਸੂਚਕ ਹੈ। ਚੂੜਾ ਪਤੀ ਦੀ ਭਲਾਈ ਲਈ ਪਾਇਆ ਜਾਂਦਾ ਹੈ।

ਚੂੜਾ ਘੱਟ ਤੋਂ ਘੱਟ 40 ਦਿਨ ਅਤੇ ਵੱਧ ਤੋਂ ਵੱਧ ਇਕ ਸਾਲ ਤੱਕ ਚੂੜਾ ਪਾਉਣਾ ਹੁੰਦਾ ਹੈ।

ਪਹਿਲੇ ਸਮੇਂ ਚੂੜਾ ਉਤਾਰਣ ਲਈ ਛੋਟਾ ਜਿਹਾ ਘਰ 'ਚ ਆਯੋਜਨ ਕਰਦੇ ਸਨ।

ਅੱਜਕੱਲ੍ਹ ਚੂੜਾ ਉਤਾਰ 'ਕੇ ਉਸ ਦੀ ਜਗ੍ਹਾਂ ਕੱਚ ਦੀਆਂ ਚੂੜੀਆਂ ਪਾ ਦਿੱਤੀਆਂ ਜਾਂਦੀਆਂ ਹਨ ਅਤੇ ਮੂੰਹ ਮਿੱਠਾ ਕਰਵਾ ਦਿੱਤਾ ਜਾਂਦਾ ਹੈ।

ਕੁਝ ਲੋਕ ਨਦੀ ਦੇ ਕੋਲ ਛੋਟੀ ਜਿਹੀ ਪੂਜਾ ਕਰਕੇ ਚੂੜੇ ਨੂੰ ਨਦੀ 'ਚ ਵਹਾ ਦਿੰਦੇ ਹਨ।

ਬੱਚੇ ਦੀ ਭਾਸ਼ਾ 'ਤੇ ਪਿਤਾ ਦੀ ਭਾਸ਼ਾ ਦਾ ਅਸਰ ਜ਼ਿਆਦਾ

ਆਪਣੇ ਪਿਤਾ ਦੀ ਭਾਸ਼ਾ ਦਾ ਅਸਰ ਹੁੰਦਾ ਹੈ।

ਬੱਚੇ ਦੀ ਭਾਸ਼ਾ 'ਚ ਪਿਤਾ ਦਾ ਅਸਰ ਜ਼ਰੂਰ ਦੇਖਣ 'ਚ ਮਿਲੇਗਾ। ਪਿਤਾ ਤੋਂ ਹੀ ਬੱਚੇ ਨੂੰ ਭਾਸ਼ਾ ਦਾ ਗਿਆਨ ਮਿਲਦਾ ਹੈ। ਇਕ ਖੋਜ ਤੋਂ ਵੀ ਇਹ ਪਤਾ ਲਗਦਾ ਹੈ ਕਿ ਪਿਤਾ ਦੀ ਭਾਸ਼ਾ ਅਤੇ ਵਿਵਹਾਰ ਦੀ ਝਲਕ ਬੱਚੇ 'ਚ ਜ਼ਿਆਦਾ ਹੁੰਦੀ ਹੈ।

ਘਰ ਦਾ ਮਾਹੌਲ ਇਸ ਤਰ੍ਹਾਂ ਦਾ ਹੋਣਾ ਚਾਹੀਦਾ ਹੈ ਕਿ ਬੱਚੇ ਨੂੰ ਮਾਂ ਅਤੇ ਪਿਤਾ ਦੋਨਾਂ ਦਾ ਪਿਆਰ ਮਿਲੇ। ਜੇਕਰ ਬੱਚੇ ਦੀ ਪਾਲਣ-ਪੋਸ਼ਣ ਪਰੇਸ਼ਾਨੀ ਵਾਲੇ ਮਾਹੌਲ 'ਚ ਹੁੰਦਾ ਹੈ ਤਾਂ ਇਸ ਦਾ ਅਸਰ ਬੱਚੇ ਦੇ ਵਿਕਾਸ 'ਤੇ ਵੀ ਪਵੇਗਾ। ਜਦੋਂ ਬੱਚਾ ਵੱਡਾ ਹੁੰਦਾ ਜਾਂਦਾ ਹੈ ਤਾਂ ਉਹ ਘਰ ਦੇ ਮਾਹੌਲ ਨੂੰ ਸਮਝਣ ਲੱਗ ਜਾਂਦਾ ਹੈ। ਘਰ ਦੇ ਚੰਗੇ-ਮੰਦੇ ਮਾਹੌਲ ਦਾ ਅਸਰ ਬੱਚੇ ਦੇ ਵਿਵਹਾਰ 'ਤੇ ਵੀ ਪੈਂਦਾ ਹੈ। ਕੁੜੀਆਂ 'ਤੇ ਆਪਣੀ ਮਾਂ ਦੀ ਅਤੇ ਮੁੰਡਿਆਂ 'ਤੇ ਬੱਚਾ ਆਪਣੇ ਪਿਤਾ ਦੇ ਕਹੇ ਸ਼ਬਦ ਲੰਬੇ ਸਮੇਂ ਤੱਕ ਯਾਦ ਰੱਖਦਾ ਹੈ ਅਤੇ ਅਪਣਾ ਵੀ ਲੈਂਦਾ ਹੈ। ਪਿਤਾ ਦਾ ਅਸਰ ਪ੍ਰਤੱਖ ਜਾਂ ਅਪ੍ਰਤੱਖ ਜ਼ਰੂਰ ਹੁੰਦਾ ਹੈ। ਪਿਤਾ ਦੇ ਮਾਨਸਿਕ ਸਵਾਸਥ ਦਾ ਅਸਰ ਵੀ ਬੱਚੇ 'ਤੇ ਪੈਂਦਾ ਹੈ।

ਸੋ ਮਾਤਾ-ਪਿਤਾ ਨੂੰ ਬੱਚੇ ਸਾਹਮਣੇ ਸੋਚ-ਸਮਝ ਕੇ ਸੁਚੱਜੇ ਤਰੀਕੇ ਨਾਲ ਵਵਹਾਰ ਕਰਨਾ ਚਾਹੀਦਾ ਹੈ। ਇਸ ਨਾਲ ਹੀ ਇਕ ਘਰ ਅਤੇ ਇਕ ਚੰਗਾ ਸਮਾਜ ਬਣਦਾ ਹੈ।

ਪ੍ਰਾਹੁਣਾਚਾਰੀ

ਪ੍ਰਾਹੁਣਾ ਸ਼ਬਦ ਉਂਜ ਤਾਂ ਪੰਜਾਬੀ ਘਰਾਂ ਵਿਚ ਘਰ ਦੇ ਜਵਾਈ ਲਈ ਵਰਤਿਆ ਜਾਂਦਾ ਹੈ। ਪਰ ਰਿਸ਼ਤੇਦਾਰੀ ਤੇ ਸਕੇ-ਸੰਬੰਧੀਆਂ ਲਈ ਵੀ ਘਰ ਆਉਣ 'ਤੇ ਪ੍ਰਾਹੁਣਾ ਸ਼ਬਦ ਵਰਤ ਲਿਆ ਜਾਂਦਾ ਹੈ। ਖੁੱਲ੍ਹੇ ਖਾਣ-ਪੀਣ ਤੇ ਮਿਲਾਪੜੇ ਸੁਭਾਅ ਕਰਕੇ ਪ੍ਰਾਹੁਣਾਚਾਰੀ ਪੰਜਾਬੀਆਂ ਦੇ ਸੁਭਾਅ 'ਚ ਰਚੀ ਵਸੀ ਹੈ। ਘਰ ਆਏ ਪ੍ਰਾਹੁਣੇ (ਮਹਿਮਾਨ) ਦੀ ਸੇਵਾ ਸੰਭਾਲ ਤੇ ਖਾਤਿਰਦਾਰੀ ਨੂੰ ਹੀ ਪ੍ਰਾਹੁਣਾਚਾਰੀ ਕਿਹਾ ਜਾਂਦਾ ਹੈ। ਕਦੀ ਸਮਾਂ ਸੀ ਜਦ ਪਿੰਡ ਦੀਆਂ ਸੁਆਣੀਆਂ ਘਰਾਂ ਦਾ ਕੰਮਕਾਰ ਵੀ ਪਰਛਾਵੇਂ ਦੇਖ ਕੇ ਕਰਦੀਆਂ ਸਨ। ਨਾ ਹੀ ਤਦ ਟੈਲੀਫੋਨ ਹੁੰਦੇ ਸੀ ਤੇ ਨਾ ਹੀ ਏਨੀ ਵਿਅਸਥ ਜ਼ਿੰਦਗੀ ਸੀ। ਕਿਸੇ ਦੇ ਬਨੇਰੇ ਜੇਕਰ ਕਾਂ ਬੋਲਣਾ ਤਦ ਸਭ ਨੇ ਸੋਚਣਾ ਕਿ ਇਨ੍ਹਾਂ ਦੇ ਘਰ ਕੋਈ ਪ੍ਰਾਹੁਣਾ ਆਵੇਗਾ। ਲੋਕ ਆਪਣਾ ਖੇਤੀਬਾੜੀ ਦਾ ਕੰਮ ਮੁਕਾ ਕੇ ਮਹੀਨਾ-ਮਹੀਨਾ ਰਿਸ਼ਤੇਦਾਰੀ 'ਚ ਲਗਾ ਆਉਂਦੇ। ਮੁਹੱਲੇ ਵਿਚ ਇਕ ਦੇ ਘਰ ਆਇਆ ਪ੍ਰਾਹੁਣਾ ਸਾਰੇ ਘਰਾਂ ਦਾ ਸਾਂਝਾ ਹੁੰਦਾ ਸੀ। ਘਰ ਦੀ ਧੀ ਧਿਆਣੀ ਤੇ ਜਵਾਈ ਨੇ ਜਦ ਆਉਣਾ ਹੁੰਦਾ ਤਦ ਸਾਰਿਆਂ ਦਾ ਚਾਅ ਦੇਖਣ ਯੋਗ ਹੁੰਦਾ ਸੀ। ਖਾਸ ਤੌਰ 'ਤੇ ਪਲੰਘ ਨੁਆਰੀ 'ਤੇ ਬਿਸਤਰੇ ਵਿਸ਼ੇ ਹੋਣੇ, ਹਰ ਵਾਰ ਖੂਹ 'ਚੋਂ ਠੰਢਾ ਪਾਣੀ ਲੈ ਕੇ ਆਉਣਾ। ਘਰ ਵਿਚ ਤਰ੍ਹਾਂ-ਤਰ੍ਹਾਂ ਦੇ ਪਕਵਾਨ ਬਣਨੇ। ਮੁਹੱਲੇ ਦੇ ਹਰ ਘਰ ਨੇ ਵਾਰੀ-ਵਾਰੀ ਪ੍ਰਾਹੁਣਿਆਂ ਦੀ ਖਾਤਿਰਦਾਰੀ ਕਰਨੀ। ਭੂਆ, ਮਾਮੇ, ਮਾਸੀਆਂ ਆਉਣ 'ਤੇ ਬੱਚਿਆਂ ਨੂੰ ਚਾਅ ਚੜ੍ਹਨੇ। ਰਿਸ਼ਤੇਦਾਰੀ ਵਿਚ ਜਾ ਕੇ ਹੀ ਸਾਰੇ ਕੰਮਾਂਕਾਰਾਂ ਤੇ ਵਿਆਹਾਂ-ਸ਼ਾਦੀਆਂ ਦੀਆਂ ਸਲਾਹਾਂ ਕਰਨੀਆਂ। ਘਰਾਂ ਵਿਚ ਸਵਾਦਿਸ਼ਟ ਪਕਵਾਨ ਤੇ ਦੇਸੀ ਘਿਓ ਦੀਆਂ ਮਿਠਾਈਆਂ ਬਣਨੀਆਂ। ਆਏ ਹੋਏ ਰਿਸ਼ਤੇਦਾਰਾਂ ਨੇ ਬੱਚਿਆਂ ਵਾਸਤੇ ਬਿਸਕੁਟ, ਮਟਰੀ, ਪਿੰਨੀਆਂ ਬਣਾ ਕੇ ਲਿਆਉਣੀਆਂ। ਘਰ ਆਏ ਨਵੇਂ ਵਿਆਹੇ ਧੀ-ਜਵਾਈ ਦੀ ਸਾਰਾ ਮੁਹੱਲਾ ਇੰਜ ਸੇਵਾ ਕਰਦਾ ਜਿਵੇਂ ਕੋਈ ਵੱਡਾ ਅਫ਼ਸਰ ਆਇਆ ਹੋਵੇ। ਧੀ-ਜਵਾਈ ਨੂੰ ਵਿਦਾ ਕਰਨ ਲੱਗੇ ਸਾਰੇ ਮੁਹੱਲੇ ਨੇ ਉਨ੍ਹਾਂ ਨੂੰ ਤੋਹਫ਼ੇ ਵਜੋਂ ਕੁਝ ਨਾ ਕੁਝ ਦੇਣਾ। ਘਰੋਂ ਜਾਂਦੇ ਪ੍ਰਾਹੁਣੇ ਨੂੰ ਖਾਲੀ ਹੱਥ ਨਾ ਤੋਰਨਾ। ਪ੍ਰਾਹੁਣਾਚਾਰੀ ਦਾ ਰਿਵਾਜ ਮੁੱਢ ਕਦੀਮ ਤੋਂ ਹੈ।

ਵਕਤ ਬਦਲ ਗਿਆ ਹੈ। ਪ੍ਰਾਹੁਣਾਚਾਰੀ ਵੀ ਆਧੁਨਿਕਤਾ ਦੀ ਹੀ ਭੇਟ ਚੜ੍ਹੀ ਹੈ। ਸਭ ਗੱਲਾਂਬਾਤਾਂ ਫੋਨਾਂ 'ਤੇ ਹੁੰਦੀਆਂ ਹਨ। ਘਰਾਂ ਵਿਚ ਇਕ ਤੋਂ ਇਕ ਵਧੀਆ ਸੋਫੇ, ਬੈੱਡ, ਟੇਬਲ ਆ ਗਏ ਹਨ। ਦਿਨਾਂ, ਮਹੀਨਿਆਂ ਦੀ ਪ੍ਰਾਹੁਣਾਚਾਰੀ ਕੁਝ ਘੰਟਿਆਂ ਦੀ ਰਹਿ ਗਈ ਹੈ। ਸ਼ਾਇਦ ਹੁਣ ਰਿਸ਼ਤੇਦਾਰੀ 'ਚ ਨਿੱਘ ਤੇ ਪਿਆਰ ਵੀ ਘੱਟ ਗਿਆ ਹੈ। ਅੱਜ ਦੇ ਮਾਹੌਲ 'ਚ ਇਹ ਹੀ ਕਹਿਣਾ ਪਵੇਗਾ...

ਹੁਣ ਨਾ ਮੰਜੇ 'ਤੇ ਚਾਦਰ,
ਨਾ ਕੋਈ ਪਲੰਘ ਨੁਆਰੀ
'ਜਸ' ਕਹੇ ਹੁਣ ਤਾਂ ਰਹਿ ਗਈ,
ਬਸ ਪਲ ਦੋ ਪਲ ਦੀ
ਪ੍ਰਾਹੁਣਾਚਾਰੀ।

– ਜਸਵੀਰ ਕੌਰ ਜੱਸ

ਬੱਚਿਆ ਨੂੰ ਕਦੋਂ ਖਰੀਦ ਕੇ ਦੇਣਾ ਚਾਹੀਦਾ ਹੈ 'ਸਮਾਰਟ ਫੋਨ'?

ਅੱਜਕੱਲ੍ਹ ਦੀ ਭੱਜਦੌੜ ਵਾਲੀ ਜ਼ਿੰਦਗੀ 'ਚ 'ਸਮਾਰਟ ਫੋਨ' ਜ਼ਿੰਦਗੀ ਦਾ ਹਿੱਸਾ ਬਣ ਚੁੱਕਾ ਹੈ। ਹੁਣ ਤਾਂ ਛੋਟੇ ਵੱਡੇ ਹਰੇਕ ਦੇ ਹੱਥ 'ਚ 'ਸਮਾਰਟ ਫੋਨ' ਦਿੱਖ ਜਾਂਦਾ ਹੈ। ਕਿ ਬੱਚਿਆ ਦੇ ਹੱਥ 'ਚ 'ਸਮਾਰਟ ਫੋਨ' ਦੇਣਾ ਸਹੀ ਹੈ ? 'ਸਮਾਰਟ ਫੋਨ' 'ਤੇ ਬੱਚੇ ਸਾਰਾ ਦਿਨ ਗੇਮਸ ਖੇਡਦੇ ਹਨ। ਆਪਣੀ ਪੜਾਈ ਨੂੰ ਧਿਆਨ ਨਾਲ ਨਹੀਂ ਕਰ ਪਾਉਦੇ ਤਾਂ ਇਸ ਤਰ੍ਹਾਂ ਦੇ 'ਸਮਾਰਟ ਫੋਨ' ਦਾ ਕੀ ਫਾਇਦਾ ?

ਬੱਚਿਆ ਨੂੰ 'ਸਮਾਰਟ ਫੋਨ' ਦੇਣਾ ਚਾਹੀਦਾ ਹੈ ਕਿ ਨਹੀਂ ? ਇਸ ਵਿਸ਼ੇ 'ਤੇ ਲੰਬੀ ਬਹਿਸ ਹੋ ਸਕਦੀ ਹੈ। ਜਿਹੜੇ ਮਾਂ-ਬਾਪ ਬੱਚੇ ਨੂੰ 'ਸਮਾਰਟ ਫੋਨ' ਲੈ ਕੇ ਦਿੰਦੇ ਹਨ। ਉਹ ਕੁਝ ਸਮੇਂ ਬਾਅਦ ਖੁਦ ਪਛਤਾਉਂਦੇ ਹਨ।

ਖੋਜ ਦੁਆਰਾ ਪਤਾ ਲੱਗਾ ਹੈ ਕਿ ਖਾਸ ਕਰਕੇ ਸ਼ਹਿਰ ਦੇ ਲੋਕ ਆਪਣੇ ਬੱਚਿਆ ਨੂੰ 'ਸਮਾਰਟ ਫੋਨ' ਲੈ ਕੇ ਦਿੰਦੇ ਹਨ। ਪਰ ਕਿ ਮਾਂ-ਬਾਪ ਨੂੰ ਪਤਾ ਹੁੰਦਾ ਹੈ ਕਿ ਬੱਚਾ 'ਸਮਾਰਟ ਫੋਨ' ਦਾ ਇਸਤੇਮਾਲ ਕਿਸ ਕੰਮ ਲਈ ਕਰ ਰਿਹਾ ਹੈ।

'ਫੇਸਬੁੱਕ' 'ਤੇ ਕਰਵਾਏ ਇਕ ਸਰਵੇਖਣ ਤੋਂ ਪਤਾ ਲੱਗਾ ਹੈ ਕਿ 80% ਮਾਂ-ਬਾਪ ਨਹੀਂ ਚਾਹੁੰਦੇ ਕਿ ਉਨ੍ਹਾਂ ਦਾ ਬੱਚਾ 'ਸਮਾਰਟ ਫੋਨ' ਦਾ ਇਸਤੇਮਾਲ ਕਰੇ।

ਜ਼ਿਆਦਾਤਰ ਲੋਕਾਂ ਦਾ ਮਸ਼ਵਰਾ ਸੀ ਕਿ ਬੱਚਿਆਂ ਨੂੰ ਆਪਣੇ ਪੈਰਾਂ 'ਤੇ ਖੜੇ ਹੋਣ ਤੱਕ ਜਾਂ ਫਿਰ ਉਸਨੂੰ ਆਪਣੇ ਕੰਮ ਲਈ ਜ਼ਰੂਰਤ ਹੋਵੇ ਤਾਂ ਹੀ ਬੱਚਿਆਂ ਨੂੰ 'ਸਮਾਰਟ ਫੋਨ' ਦੇਣਾ ਚਾਹੀਦਾ ਹੈ। ਜਿਸ ਤਰ੍ਹਾਂ ਕਿ ਉਸਨੂੰ ਆਪਣੀ ਪੜਾਈ ਲਈ ਕਿਸੇ ਵਿਸ਼ੇ ਬਾਰੇ ਗਿਆਨ ਚਾਹੀਦਾ ਹੋਵੇ ਤਾਂ ਹੀ ਬੱਚੇ ਨੂੰ 'ਸਮਾਰਟ ਫੋਨ' ਦੇਣਾ ਚਾਹੀਦਾ ਹੈ। ਜੇਕਰ ਬੱਚਾ ਛੋਟਾ ਹੈ ਤਾਂ ਕੰਮ ਹੋ ਜਾਣ ਤੋਂ ਬਾਅਦ 'ਸਮਾਰਟ ਫੋਨ' ਵਾਪਸ ਲੈ ਲੈਣਾ ਚਾਹੀਦਾ ਹੈ।

ਸਰਵੇਖਣ 'ਚ ਸ਼ਾਮਿਲ ਹੋਏ ਲੋਕਾਂ ਦਾ ਕਹਿਣਾ ਹੈ ਕਿ ਬੱਚਿਆ ਨੂੰ 'ਸਮਾਰਟ ਫੋਨ' ਦੇਣ ਨਾਲ ਉਹ ਸਮਾਜਿਕ ਜੀਵਣ ਤੋਂ ਪੱਛੜ ਜਾਂਦੇ ਹਨ। ਸਾਰਾ ਦਿਨ ਗੇਮਾਂ ਜਾਂ 'ਸਾਇਟਸ ' 'ਚ ਹੀ ਮਸਤ ਰਹਿੰਦੇ ਹਨ। ਪਰਿਵਾਰ ਦੇ ਨਾਲ ਬੈਠ ਕੇ ਵੀ ਉਹ ਪਰਿਵਾਰ ਨਾਲ ਕੱਟੇ ਰਹਿੰਦੇ ਹਨ।

ਪਨੀਰ ਅਤੇ ਚੀਜ਼ ਦਾ ਸਿਗਾਰ

ਪਨੀਰ ਦਾ ਸਿਗਾਰ ਇਕ ਨਵੀਂ ਅਤੇ ਵਧੀਆਂ ਸਨੈਕਸ ਹੋ ਸਕਦਾ ਹੈ। ਇਹ ਦੇਖਣ 'ਚ ਵੀ ਆਕਰਸ਼ਕ ਲਗਦਾ ਹੈ। ਇਸ ਨੂੰ ਬਣਾਉਣਾ ਵੀ ਬਹੁਤ ਸੋਖਾ ਹੈ। ਇਸਨੂੰ ਖਾ ਕੇ ਬੱਚੇ ਦੁਬਾਰਾ ਜ਼ਰੂਰ ਬਨਵਾਉਣਗੇ।

ਬਣਾਉਣ ਲਈ ਸਮੱਗਰੀ –

ਪਨੀਰ
ਸਪਰਿਗ ਰੋਲ ਸ਼ੀਟ
ਹਰੀ ਮਿਰਚ ਬਰੀਕ ਕੱਟੀ ਹੋਈ
ਅੱਧਾ ਛੋਟਾ ਚਮਚ ਲਾਲ ਮਿਰਚ ਪਾਊਡਰ
ਨਮਕ ਸੁਆਦ ਅਨੁਸਾਰ
ਪਾਰਸਲੇ
2 ਵੱਡੇ ਚਮਚ ਮੱਕੀ ਦਾ ਆਟਾ
1/2 ਕੱਪ ਮੈਦਾ
ਪ੍ਰੋਸੈਸਡ ਚੀਜ਼
ਤਲਣ ਲਈ ਤੇਲ

ਬਣਾਉਣ ਦਾ ਤਰੀਕਾ :

1. ਇਕ ਕੜਾਈ 'ਚ ਲੋੜ ਅਨੁਸਾਰ ਤੇਲ ਗਰਮ ਕਰਨ ਲਈ ਰੱਖ ਦਿਓ।
2. ਇਕ ਬਰਤਨ 'ਚ ਪਨੀਰ, ਪ੍ਰੋਸੈਸਡ ਚੀਜ਼, ਹਰੀ ਮਿਰਚ, ਕੁਟੀ ਲਾਲ ਮਿਰਚ, ਨਮਕ, ਪਾਰਸਲੇ, ਮੱਕੀ ਦਾ ਆਟਾ ਪਾ ਕੇ ਚੰਗੀ ਤਰ੍ਹਾਂ ਮਿਲਾ ਲਓ।
3. ਹੁਣ ਇਸ ਮਿਸ਼ਰਣ ਨੂੰ ਬਰਾਬਰ ਹਿੱਸਿਆਂ 'ਚ ਵੰਡ ਲਓ।
4. ਪਾਣੀ ਅਤੇ ਮੈਦਾ ਮਿਲਾ ਕੇ ਗਾੜ੍ਹਾ ਘੋਲ ਬਣਾ ਲਓ।
5. ਇਸ ਘੋਲ ਨੂੰ ਸਪਰਿਗ ਰੋਲ ਦੀਆਂ ਸ਼ੀਟਾਂ 'ਤੇ ਬਰੱਸ਼ ਦੀ ਸਹਾਇਤਾ ਨਾਲ ਲਗਾਓ।
6. ਹਰ ਸ਼ੀਟ 'ਤੇ ਪਨੀਰ ਦਾ ਮਿਸ਼ਰਣ ਰੱਖੋ ਅਤੇ ਕੱਸ ਕੇ ਸਲੰਡਰ ਦਾ ਅਕਾਰ ਦੇ ਕੇ ਬੰਦ ਕਰ ਦਿਓ। ਇਸ ਨੂੰ ਦੋਨਾਂ ਪਾਸਿਆਂ ਤੋਂ 1/2 ਇੰਚ ਖਾਲ੍ਹੀ ਰੱਖੋ। ਜਿਸ ਤਰ੍ਹਾਂ ਕਿ ਸਿਗਾਰ 'ਚ ਹੁੰਦਾ ਹੈ।
7. ਹੁਣ ਇਸ ਨੂੰ ਕਰਾਰਾ ਹੋਣ ਤੱਕ ਤਲੋ। ਤੇਲ 'ਚੋ ਕੱਢ 'ਕੇ ਟੀਸ਼ੂ ਪੇਪਰ 'ਤੇ ਪਾਓ।
8. ਆਪਣੇ ਮਨਪਸੰਦ ਤਰੀਕੇ ਨਾਲ ਪਰੋਸੋ।

ਫ਼ਸਲੀ ਵਿਭਿੰਨਤਾ ਪਛੜੀ ਕਪਾਹ-ਨਰਮੇ ਦਾ ਰਕਬਾ ਘਟਿਆ

ਨਿਰਸੰਦੇਹ ਹੀ ਭਾਰਤ ਦੇ ਸਮਾਜਿਕ ਤੇ ਆਰਥਿਕ ਢਾਂਚੇ 'ਚ ਖੇਤੀ ਦੀ ਬੜੀ ਅਹਿਮੀਅਤ ਹੈ। ਭਾਰਤ ਵਿਚ ਤਕਰੀਬਨ 58 ਫੀਸਦੀ ਪਿੰਡਾਂ ਦੇ ਲੋਕ ਇਸੇ ਕਿੱਤੇ ਤੋਂ ਆਪਣੀ ਰੋਜ਼ੀ-ਰੋਟੀ ਕਮਾਉਂਦੇ ਹਨ। ਘਟ ਰਿਹਾ ਖੇਤੀ ਦਾ ਰਕਬਾ, ਵਾਤਾਵਰਨ 'ਚ ਆ ਰਹੀ ਤਬਦੀਲੀ ਅਤੇ ਲੋਕਾਂ ਦੀ ਖੁਰਾਕ 'ਚ ਆ ਰਿਹਾ ਪਰਿਵਰਤਨ ਨਵੀਆਂ ਚਣੌਤੀਆਂ ਦੇ ਰਹੇ ਹਨ। ਪਿਛਲੇ ਦੋ ਸਾਲਾਂ 'ਚ ਅਨਾਜ ਦੀ ਪੈਦਾਵਾਰ 0.5 ਪ੍ਰਤੀਸ਼ਤ ਅਤੇ ਤੇਲ ਬੀਜਾਂ ਦੀ 4.1 ਪ੍ਰਤੀਸ਼ਤ ਤੱਕ ਘਟ ਗਈ। ਇਸੇ ਤਰ੍ਹਾਂ ਦਾਲਾਂ ਦਾ ਉਤਪਾਦਨ ਵੀ ਘਟਿਆ। ਰੁਪਏ ਦੀ ਅੰਤਰਰਾਸ਼ਟਰੀ ਕੀਮਤ ਥੱਲੇ ਜਾਣ, ਨਿਰਯਾਤ ਘਟਣ ਤੇ ਆਯਾਤ ਵਧਣ ਨਾਲ ਵਿਦੇਸ਼ੀ ਮੁਦਰਾ ਦਾ ਸੰਕਟ ਵੀ ਪੈਦਾ ਹੋ ਗਿਆ। ਪੰਜਾਬ ਕੇਂਦਰੀ ਭੰਡਾਰ 'ਚ ਕਣਕ ਦਾ 60 ਪ੍ਰਤੀਸ਼ਤ ਅਤੇ ਚੌਲਾਂ ਦਾ 35 ਪ੍ਰਤੀਸ਼ਤ ਤੱਕ ਯੋਗਦਾਨ ਪਾਉਂਦਾ ਰਿਹਾ ਹੈ। ਇਸ ਸਾਲ ਬਾਸਮਤੀ ਦੀ ਕਾਸ਼ਤ ਘਟਣ ਅਤੇ ਝੋਨੇ ਦਾ ਰਕਬਾ ਵਧਣ ਨਾਲ ਜੋ ਫ਼ਸਲੀ ਵਿਭਿੰਨਤਾ ਵਿਚ ਪ੍ਰਾਪਤੀ ਹੋਈ ਸੀ ਉਹ ਵੀ ਮਨਫੀ 'ਚ ਜਾਣ ਨਾਲ ਨਵਾਂ ਸੰਕਟ ਆਉਣ ਦੀ ਸੰਭਾਵਨਾ ਹੈ। ਇਸ ਨਾਲ ਇਕ ਤਾਂ ਜ਼ਮੀਨ ਥੱਲੇ ਪਾਣੀ ਦਾ ਪੱਧਰ ਜੋ ਸਬਮਰਸੀਬਲ ਪੰਪਾਂ ਨਾਲ ਡੂੰਘੀ ਸਤ੍ਹਾ ਤੋਂ ਪਾਣੀ ਕੱਢਣ ਉਪਰੰਤ ਥੱਲੇ ਚਲਾ ਗਿਆ ਹੋਰ ਥੱਲੇ ਜਾਣ ਦਾ ਡਰ ਹੈ, ਜਿਸ ਨਾਲ ਪਾਣੀ ਜੇ ਕੱਲਰ ਵਾਲਾ ਹੋ ਕੇ ਨਿਕਲਣ ਲੱਗ ਪਿਆ ਤਾਂ ਜ਼ਮੀਨ ਨੂੰ ਬੰਜਰ ਬਣਾ ਦੇਵੇਗਾ, ਜਿਨ੍ਹਾਂ ਜ਼ਿਲ੍ਹਿਆਂ ਦਾ ਪਾਣੀ ਮਾੜਾ ਵੀ ਨਹੀਂ, ਉਨ੍ਹਾਂ ਦਾ ਵੀ ਮਾੜਾ ਹੋ ਜਾਵੇਗਾ। ਇਸ ਨਾਲ ਬਿਜਲੀ ਦਾ ਸੰਕਟ ਆਉਣ ਦੀ ਵੀ ਸੰਭਾਵਨਾ ਹੈ, ਕਿਉਂਕਿ ਡੂੰਘੀ ਸਤਹਿ ਤੋਂ ਪਾਣੀ ਕੱਢਣ ਲਈ ਵੱਧ ਪਾਵਰ ਦੀ ਲੋੜ ਹੁੰਦੀ ਹੈ। ਖੇਤਾਂ 'ਚ 5 ਤੋਂ 10 ਪਾਵਰ ਦੀਆਂ ਮੋਟਰਾਂ ਤਾਂ ਹੁਣੇ ਤੋਂ ਜਵਾਬ ਦੇ ਰਹੀਆਂ ਹਨ।

ਖੇਤੀਬਾੜੀ ਵਿਭਾਗ ਦੇ ਡਾਇਰੈਕਟਰ ਜਸਬੀਰ ਸਿੰਘ ਬੈਂਸ ਕਹਿੰਦੇ ਹਨ ਕਿ ਇਸ ਸਾਲ ਝੋਨੇ ਦੀ ਕਾਸ਼ਤ ਵੱਧ ਕੇ 30 ਲੱਖ ਹੈਕਟੇਅਰ ਨੂੰ ਛੂਹ ਗਈ ਅਤੇ ਬਾਸਮਤੀ ਦੀ ਕਾਸ਼ਤ ਥੱਲੇ 8 ਲੱਖ ਹੈਕਟੇਅਰ ਤੋਂ ਘਟ ਕੇ ਰਕਬਾ 5-5.5 ਲੱਖ ਹੈਕਟੇਅਰ ਰਹਿ ਗਿਆ। ਹੁਣ ਬਾਸਮਤੀ ਦੀ ਕਾਸ਼ਤ ਹੋ ਰਹੀ ਹੈ। ਪੀ. ਬੀ.-1121 ਕਿਸਮ ਦੀ ਟਰਾਂਸਪਲਾਂਟਿੰਗ ਅਤੇ ਪੀ. ਬੀ.-1509 ਤੇ

ਪੰਜਾਬ ਦੀਆਂ ਮੁੱਖ ਫ਼ਸਲਾਂ 4

ਲੈ ਜਾ ਛੱਲੀਆਂ ਭੁੰਨਾ ਲਈਂ ਦਾਲੇ

ਪੰਜਾਬ ਦੀ ਧਰਤੀ ਦੋ ਫ਼ਸਲੀ ਹੈ, ਜਿਸ ਦਾ ਅਰਥ ਹੈ ਕਿ ਇਕ ਖੇਤ ਵਿੱਚੋਂ ਸਾਲ 'ਚ ਘੱਟੋ ਘੱਟ ਦੋ ਫ਼ਸਲਾਂ ਲਈਆਂ ਜਾਂਦੀਆਂ ਹਨ। ਕਾਸ਼ਤ ਹੇਠ ਰਕਬੇ ਦੇ ਹਿਸਾਬ ਨਾਲ ਕਣਕ ਪਹਿਲੇ ਸਥਾਨ 'ਤੇ ਹੈ, ਦੂਜਾ ਝੋਨੇ ਦਾ ਅਤੇ ਤੀਜਾ ਸਥਾਨ ਕਪਾਹ-ਨਰਮੇ ਦਾ ਹੈ। ਚੌਥੀ ਥਾਂ 'ਤੇ ਮੱਕੀ, ਪੰਜਵੀਂ 'ਤੇ ਗੰਨਾ ਅਤੇ ਛੇਵੀਂ ਥਾਂ 'ਤੇ ਬਾਜਰੇ ਦੀ ਫ਼ਸਲ ਆਉਂਦੀ ਹੈ...

• ਡਾ. ਰਣਜੀਤ ਸਿੰਘ

ਮੱਕੀ ਕਦੇ ਪੰਜਾਬ ਵਿਚ ਸਾਉਣੀ ਦੀ ਮੁੱਖ ਫ਼ਸਲ ਹੁੰਦੀ ਸੀ। ਪਾਣੀ ਦੇ ਨਿਕਾਸ ਵਾਲੀਆਂ ਨਿਆਈਆਂ ਵਿਚ ਇਸ ਦੀ ਕਾਸ਼ਤ ਹੁੰਦੀ ਸੀ। ਪਰ ਝੋਨੇ ਦੇ ਆਉਣ ਨਾਲ ਮੱਕੀ ਹੇਠ ਰਕਬਾ ਚੋਖਾ ਘੱਟ ਗਿਆ ਹੈ। ਮੱਕੀ ਦੀ ਰੋਟੀ ਅਤੇ ਸਾਗ ਜਿਹੜਾ ਗ਼ਰੀਬ ਦੀ ਖੁਰਾਕ ਸਮਝਿਆ ਜਾਂਦਾ ਸੀ ਹੁਣ ਪੰਜਾਬੀਆਂ ਦਾ ਮਨਭਾਉਂਦਾ ਖਾਣਾ ਬਣ ਗਿਆ ਹੈ। ਸਾਗ ਖੇਤਾਂ ਵਿਚ ਮੁਫ਼ਤ ਮਿਲ ਜਾਂਦਾ ਸੀ ਅਤੇ ਮੱਕੀ ਕਣਕ ਨਾਲੋਂ ਸਸਤੀ ਹੋਣ ਕਾਰਨ ਸਰਦੀਆਂ ਵਿਚ ਆਮ ਲੋਕੀਂ ਇਸ ਦੀ ਰੋਟੀ ਹੀ ਖਾਂਦੇ ਹਨ। ਕਣਕ ਆਏ ਗਏ ਲਈ ਜਾਂ ਵਿਸ਼ੇਸ਼ ਮੌਕਿਆਂ ਲਈ ਸਾਂਭ ਕੇ ਰੱਖੀ ਜਾਂਦੀ ਸੀ। ਮੱਕੀ ਪੰਜਾਬੀਆਂ ਦੇ ਜੀਵਨ ਦਾ ਇਕ ਅਟੁੱਟ ਅੰਗ ਹੈ। ਬਰਸਾਤਾਂ ਵਿਚ ਹਰੇ ਭਰੇ ਲਹਿਰਾਉਂਦੇ ਖੇਤ ਬਹੁਤ ਪਿਆਰਾ ਨਜ਼ਾਰਾ ਬੰਨ੍ਹਦੇ ਹਨ।

ਮੱਕੀ ਦੀ ਫ਼ਸਲ ਉੱਚੀ ਤੇ ਵਿਰਲੀ ਹੁੰਦੀ ਹੈ। ਧੂਣੀ ਉੱਤੇ ਭੁੰਨੀਆਂ ਤਾਜ਼ੀਆਂ ਛੱਲੀਆਂ ਦਾ ਆਪਣਾ ਹੀ ਨਜ਼ਾਰਾ ਹੁੰਦਾ ਹੈ। ਛੱਲੀਆਂ ਤਾਂ ਯਾਰੀ ਪੱਕੀ ਕਰਨ ਵਿਚ ਵੀ ਸਹਾਇਤਾ ਕਰਦੀਆਂ ਹਨ। ਸੱਜਣਾਂ ਨੂੰ ਛੱਲੀਆਂ ਦੇ ਕੇ ਹੀ ਖ਼ੁਸ਼ ਕਰ ਲਿਆਂ ਜਾਂਦਾ ਹੈ।

ਮੇਰਾ ਯਾਰ ਮੱਕੀ ਦਾ ਰਾਖਾ
ਡੱਬ ਵਿਚ ਲਿਆਵੇ ਛੱਲੀਆਂ।

ਛੱਲੀਆਂ ਮਿੱਤਰਾਂ ਨੂੰ ਸੁਗਾਤ ਵਜੋਂ ਵੀ ਦਿੱਤੀਆਂ ਜਾਂਦੀਆਂ ਹਨ। ਕਿਉਂਕਿ ਗਿੱਲੀ ਮੱਕੀ ਦੇ ਭੁੱਜੇ ਮੁਰਮੁਰਿਆਂ ਦਾ ਆਪਣਾ ਹੀ ਸੁਆਦ ਹੁੰਦਾ ਹੈ :

ਲੈ ਜਾ ਛੱਲੀਆਂ ਭੁੰਨਾ ਲਈਂ ਦਾਲੇ
ਮਿੱਤਰਾ ਦੂਰ ਦਿਆ।

ਮੱਕੀ ਦੀਆਂ ਉੱਨਤ ਕਿਸਮਾਂ ਵਿਕਸਿਤ ਹੋਣ ਨਾਲ ਝਾੜ ਅਤੇ ਰਕਬੇ ਵਿਚ ਵਾਧਾ ਹੋਇਆ ਹੈ। ਪਿਛਲੇ ਸਾਲ ਪੰਜਾਬ ਵਿਚ 168 ਹਜ਼ਾਰ ਹੈਕਟੇਅਰ ਧਰਤੀ ਵਿਚ ਮੱਕੀ ਦੀ ਕਾਸ਼ਤ ਕੀਤੀ ਗਈ ਅਤੇ ਕੁਲ ਪੈਦਾਵਾਰ 400 ਹਜ਼ਾਰ ਟਨ ਹੋਈ। ਜੇਕਰ ਚੰਗੇ ਢੰਗ ਨਾਲ ਉੱਨਤ ਕਿਸਮਾਂ ਦੀ ਕਾਸ਼ਤ ਕੀਤੀ ਜਾਵੇ ਤਾਂ 22 ਕੁਇੰਟਲ ਪ੍ਰਤੀ ਏਕੜ ਤਕ ਝਾੜ ਲਿਆ ਜਾ ਸਕਦਾ ਹੈ। ਮੱਕੀ ਦਾ ਵਧ ਝਾੜ ਦੇਣ ਵਾਲੀਆਂ ਕਿਸਮਾਂ ਹਨ ਪੀਐਮਐਚ 1, ਪੀਐਮਐਚ-2 ਪ੍ਰਭਾਤ ਅਤੇ ਕੇਸਰੀ ਮੱਕੀ ਦੀਆਂ ਵਧ ਝਾੜ ਦੇਣ ਵਾਲੀਆਂ ਕਿਸਮਾਂ ਦੀ ਬਿਜਾਈ ਪਹਿਲੇ ਪੰਦਰਵਾੜੇ ਕਰ ਦੇਣੀ ਚਾਹੀਦੀ ਹੈ। ਖੇਤ ਨੂੰ ਚੰਗੀ ਤਰ੍ਹਾਂ ਤਿਆਰ ਕਰਕੇ ਮੱਕੀ ਬੀਜੀ ਜਾਂਦੀ ਹੈ ਉਨੱਤ ਕਿਸਮ ਦਾ 8 ਕਿਲੋ ਬੀਜ ਪ੍ਰਤੀ ਏਕੜ ਦੇ ਹਿਸਾਬ ਨਾਲ ਵਰਤਿਆ ਜਾਂਦਾ ਹੈ। ਇਸ ਕਰਕੇ ਇਸ ਦੀ ਬਿਜਾਈ ਭਾਰੀਆਂ ਜ਼ਮੀਨਾਂ ਵਿਚ ਕੀਤੀ ਜਾਂਦੀ ਹੈ। ਡਾ. ਅਮਰਜੀਤ ਸਿੰਘ ਖਹਿਰਾ, ਡਾ. ਬਲਦੇਵ ਸਿੰਘ ਢਿੱਲੋਂ ਤੇ ਸਾਥੀਆਂ ਨੇ ਮੱਕੀ ਦੀਆਂ ਵਧ ਝਾੜ ਦੇਣ ਵਾਲੀਆਂ ਕਿਸਮਾਂ ਵਿਕਸਤ ਕੀਤੀਆਂ ਅਤੇ ਮੱਕੀ ਦੀ ਸਾਰਾ ਸਾਲ ਕਾਸ਼ਤ ਵੀ ਯਕੀਨੀ ਬਣਾਈ। •

ਮੋਬਾਈਲ 94170-87328

ਪਰਾਲੀ ਨੂੰ ਅੱਗ ਲਗਾਏ ਬਿਨਾਂ ਸੰਭਾਲਣ ਲਈ ਮਸ਼ੀਨਰੀ

• ਮਹੇਸ਼ ਨਾਰੰਗ, ਅਰਸ਼ਦੀਪ ਸਿੰਘ, ਰਾਜੇਸ਼ ਗੋਇਲ

ਕਣਕ-ਝੋਨਾ ਪੰਜਾਬ ਦਾ ਪ੍ਰਮੁੱਖ ਫ਼ਸਲੀ ਚੱਕਰ ਹੈ। ਪਿਛਲੇ ਕੁਝ ਸਮੇਂ ਵਿਚ ਵਧੇਰੇ ਝਾੜ ਦੇਣ ਵਾਲੀਆਂ ਕਣਕ ਅਤੇ ਝੋਨੇ ਦੀਆਂ ਕਿਸਮਾਂ ਦੀ ਕਾਸ਼ਤ ਨਾਲ ਬਹੁਤ ਵੱਡੀ ਮਾਤਰਾ ਵਿਚ ਨਾੜ ਅਤੇ ਪਰਾਲੀ ਪੈਦਾ ਹੁੰਦੀ ਹੈ। ਕਣਕ ਦੇ ਨਾੜ ਨੂੰ ਤਾਂ ਤੂੜੀ ਬਣਾ ਕੇ ਦੁਧਾਰੂ ਪਸ਼ੂਆਂ ਦੀ ਖੁਰਾਕ ਦੇ ਵਿਚ ਵਰਤ ਲਿਆ ਜਾਂਦਾ ਹੈ। ਕੰਬਾਈਨ ਹਾਰਵੇਸਟਰ ਤੋਂ ਬਾਅਦ ਕਣਕ ਦੇ ਨਾੜ ਤੋਂ ਤੂੜੀ ਬਣਾਉਣ ਵਾਸਤੇ ਰੀਪਰ ਪੰਜਾਬ ਭਰ ਵਿਚ ਉਪਲਬਧ ਹਨ। ਪੰਜਾਬ ਵਿਚ ਤਕਰੀਬਨ 90 ਫ਼ੀਸਦੀ ਝੋਨੇ ਦੀ ਕਟਾਈ ਦਾ ਕੰਮ ਕੰਬਾਈਨ ਹਾਰਵੈਸਟਰ ਨਾਲ ਕੀਤਾ ਜਾਂਦਾ ਹੈ। ਇਸ ਕਟਾਈ ਨਾਲ ਪਰਾਲੀ ਖੇਤਾਂ ਵਿਚ ਰਹਿ ਜਾਂਦੀ ਹੈ।

ਪੰਜਾਬ ਵਿਚ ਲਗਪਗ 30 ਲੱਖ ਹੈਕਟੇਅਰ ਰਕਬੇ ਉੱਤੇ ਝੋਨੇ ਦੀ ਕਾਸ਼ਤ ਕੀਤੀ ਜਾਂਦੀ ਹੈ ਅਤੇ ਇਸ ਵਿੱਚੋਂ ਲਗਪਗ 210 ਲੱਖ ਟਨ ਪਰਾਲੀ ਪੈਦਾ ਹੁੰਦੀ ਹੈ। ਝੋਨੇ ਦੀ ਪਰਾਲੀ ਨੂੰ ਬਿਨਾਂ ਅੱਗ ਲਗਾਏ ਜਾਂ ਖੇਤ ਤੋਂ ਬਾਹਰ ਕੱਢੇ ਬਿਨਾਂ ਕਿਸੇ ਵੀ ਫ਼ਸਲ ਦੀ ਸਿੱਧੀ ਬਿਜਾਈ ਕਰਨੀ ਬਹੁਤ ਔਖੀ ਹੈ। ਝੋਨੇ ਦੀ ਪਰਾਲੀ ਦਾ ਪਸ਼ੂਆਂ ਦੀ ਖੁਰਾਕ ਵਿਚ ਜਾਂ ਕਿਸੇ ਹੋਰ ਕੰਮ ਵਿਚ ਬਹੁਤਾ ਨਾ ਵਰਤੇ ਜਾ ਸਕਣ ਕਰਕੇ ਕਿਸਾਨ ਵੀਰ ਖੇਤ ਨੂੰ ਅਗਲੀ ਫ਼ਸਲ ਬੀਜਣ ਲਈ ਖਾਲੀ ਕਰਨ ਲਈ ਪਰਾਲੀ ਨੂੰ ਅੱਗ ਲਗਾਉਂਦੇ ਹਨ। ਪੰਜਾਬ ਵਿਚ ਪੈਦਾ ਹੁੰਦੀ ਕੁੱਲ ਪਰਾਲੀ ਵਿੱਚੋਂ 70 ਤੋਂ 75 ਪ੍ਰਤੀਸ਼ਤ ਪਰਾਲੀ ਅੱਗ ਦੀ ਭੇਂਟ ਚੜ੍ਹ ਜਾਂਦੀ ਹੈ। ਅੱਗ ਲਗਾਉਣ ਕਰਕੇ ਜਿੱਥੇ ਸਾਰਾ ਵਾਤਾਵਰਣ ਪ੍ਰਦੂਸ਼ਿਤ ਹੁੰਦਾ ਹੈ ਉੱਥੇ ਕਈ ਵਾਰ ਜਾਨੀ ਅਤੇ ਮਾਲੀ ਨੁਕਸਾਨ ਵੀ ਹੋ ਜਾਂਦਾ ਹੈ। ਇਸ ਤੋਂ ਇਲਾਵਾ ਪਰਾਲੀ ਵਿੱਚੋਂ ਮਿਲਣ ਵਾਲੇ ਕਈ ਜ਼ਰੂਰੀ ਤੱਤ ਅਤੇ ਮਿੱਤਰ ਕੀੜੇ ਵੀ ਅੱਗ ਦੀ ਭੇਟ ਚੜ੍ਹ ਜਾਂਦੇ ਹਨ।

ਝੋਨੇ ਦੀ ਪਰਾਲੀ ਨੂੰ ਅੱਗ ਲਗਾਉਣ ਕਾਰਨ ਗੈਸਾਂ ਜਿਵੇਂ ਕਿ ਕਾਰਬਨਡਾਈਆਕਸਾਈਡ, ਕਾਰਬਨਮੋਨੋਆਕਸਾਈਡ, ਮਿਥੇਨ ਆਦਿ ਪੈਦਾ ਹੁੰਦੀਆਂ ਹਨ ਜੋ ਵਾਤਾਵਰਨ ਨੂੰ ਪ੍ਰਦੂਸ਼ਿਤ ਕਰਦੀਆਂ ਹਨ ਅਤੇ ਕਈ ਤਰ੍ਹਾਂ ਦੀਆਂ ਬਿਮਾਰੀਆਂ ਦਾ ਕਾਰਨ ਬਣਦੀਆਂ ਹਨ। ਇਕ ਟਨ ਪਰਾਲੀ ਨੂੰ ਸਾੜਨ ਨਾਲ 400 ਕਿੱਲੋ ਜੈਵਿਕ ਕਾਰਬਨ, 5-5 ਕਿੱਲੋ ਨਾਈਟ੍ਰੋਜਨ, 2-3 ਕਿੱਲੋ ਫਾਸਫੋਰਸ, 25 ਕਿਲੋ ਪੋਟਾਸ਼ੀਅਮ ਅਤੇ 1-2 ਕਿੱਲੋ ਗੰਧਕ ਦਾ ਨੁਕਸਾਨ ਹੁੰਦਾ ਹੈ। ਪਰਾਲੀ ਨੂੰ ਬਿਨਾਂ ਅੱਗ ਲਾਏ ਸਾਂਭਣ ਦੀ ਗੱਲ ਕਰੀਏ ਤਾਂ ਮੋਟੇ ਰੂਪ ਵਿਚ 3 ਢੰਗ ਹਨ।

ਪਹਿਲਾ ਤਰੀਕਾ ਹੈ ਕਿ ਪਰਾਲੀ ਨੂੰ ਇੱਕਠੀ ਕਰ ਕੇ ਇਸ ਦੀ ਵਰਤੋਂ ਖੇਤ ਤੋਂ ਬਾਹਰ ਕੀਤੀ ਜਾਵੇ। ਖੇਤ ਪੱਧਰ ਉੱਪਰ ਸਾਂਭਣ ਦੀ ਗੱਲ ਕਰੀਏ ਤਾਂ ਕਣਕ ਦੀ ਸਿੱਧੀ ਬਿਜਾਈ ਕਰ ਦਿੱਤੀ ਜਾਵੇ ਅਤੇ ਪਰਾਲੀ ਨੂੰ ਮਿੱਟੀ ਦੀ ਸਤਿਹ ਉੱਪਰ ਗਲ੍ਹਣ ਸਾੜਨ ਲਈ ਛੱਡ ਦਿੱਤਾ ਜਾਵੇ ਜਾਂ ਪਰਾਲੀ ਨੂੰ ਮਿੱਟੀ ਵਿਚ ਮਿਲਾ ਕੇ ਖੇਤ ਵਿਚ ਹੀ ਗਾਲ੍ਹਿਆ ਜਾ ਸਕਦਾ ਹੈ। ਪਰਾਲੀ ਨੂੰ ਅੱਗ ਲਾਉਣ ਦੇ ਮਾੜੇ ਪ੍ਰਭਾਵਾਂ ਨੂੰ ਧਿਆਨ ਵਿਚ ਰੱਖਦੇ ਹੋਏ ਪੰਜਾਬ ਐਗਰੀਕਲਚਰਲ ਯੂਨੀਵਰਸਿਟੀ, ਲੁਧਿਆਣਾ ਵੱਲੋਂ ਝੋਨੇ ਦੀ ਪਰਾਲੀ ਨੂੰ ਸੰਭਾਲਣ ਲਈ ਕੁਝ ਤਕਨੀਕਾਂ ਦੀ ਸਿਫ਼ਾਰਸ਼ ਕੀਤੀ ਹੈ। ਇਨ੍ਹਾਂ ਤਕਨੀਕਾਂ ਇਸ ਤਰ੍ਹਾਂ ਹਨ।



ਪਰਾਲੀ ਨੂੰ ਇੱਕਠਾ ਕਰਨਾ

ਬੇਲਰ : ਪਰਾਲੀ ਨੂੰ ਖੇਤ ਵਿੱਚੋਂ ਇਕੱਠਾ ਕਰਨ ਲਈ ਬੇਲਰ ਮਸ਼ੀਨ ਦੀ ਵਰਤੋਂ ਕੀਤੀ ਜਾ ਸਕਦੀ ਹੈ। ਇਹ ਮਸ਼ੀਨ ਖੇਤ ਵਿਚ ਖਿਲਰੀ ਪਰਾਲੀ ਨੂੰ ਇਕੱਠਾ ਕਰਕੇ ਆਇਤਾਕਾਰ ਗੰਢਾਂ ਬਣਾ ਦਿੰਦੀ ਹੈ। ਇਨ੍ਹਾਂ ਆਇਤਾਕਾਰ ਗੰਢਾਂ ਨੂੰ ਖੇਤ ਵਿਚ ਬੜੀ ਅਸਾਨੀ ਨਾਲ ਇਕੱਠਾ ਕੀਤਾ ਜਾ ਸਕਦਾ ਹੈ। ਪਰਾਲੀ ਦੀਆਂ ਇਹ ਗੰਢਾਂ ਬਾਲਣ ਲਈ ਗੋਲੇ ਬਣਾਉਣ ਵਾਸਤੇ, ਗੱਤਾ ਬਣਾਉਣ ਲਈ, ਕੰਪੋਸਟ ਤਿਆਰ ਕਰਨ ਜਾਂ ਬਿਜਲੀ ਪੈਦਾ ਕਰਨ ਲਈ ਵਰਤੀਆਂ ਜਾ ਸਕਦੀਆਂ ਹਨ। ਇਹ ਮਸ਼ੀਨ ਕੇਵਲ ਕੱਟੇ ਹੋਏ ਪਰਾਲ (ਕੰਬਾਈਨ ਦੇ ਪਿੱਛੇ ਸੁਟਿਆ ਹੋਇਆ) ਹੀ ਇੱਕਠਾ ਕਰਦੀ ਹੈ, ਇਸ ਲਈ ਜੇਕਰ ਸਾਰਾ ਪਰਾਲ ਖੇਤ ਵਿੱਚੋਂ ਇੱਕਠਾ ਕਰ ਕੇ ਬਾਹਰ ਕੱਢਣਾ ਹੋਵੇ ਤਾਂ ਇਸ ਮਸ਼ੀਨ ਨੂੰ ਚਲਾਉਣ ਤੋਂ ਪਹਿਲਾਂ ਖੇਤ ਵਿਚ ਪਰਾਲੀ ਦੇ ਖੜ੍ਹੇ ਕਰਚਿਆਂ ਨੂੰ ਸਟੱਬਲ ਸ਼ੇਵਰ ਨਾਲ ਕੱਟ ਲੈਣਾ ਚਾਹੀਦਾ ਹੈ। ਬੇਲਰ ਮਸ ਸੀਨ 40-110 ਸੈਂਟੀਮੀਟਰ ਦੀ ਲੰਬਾਈ ਦੀਆਂ ਗੰਢਾਂ ਬਣਾਉਂਦੀ ਹੈ। ਗੰਢ ਦੀ ਉਚਾਈ 36 ਸੈਂਟੀਮੀਟਰ ਅਤੇ ਚੌੜਾਈ 46 ਸੈਂਟੀਮੀਟਰ ਦੀ ਹੁੰਦੀ ਹੈ। ਗੰਢਾਂ ਦਾ ਭਾਰ 15-35 ਕਿਲੋ ਤਕ ਦਾ ਹੁੰਦਾ ਹੈ ਜੋ ਕਿ ਗੰਢ ਦੀ ਲੰਬਾਈ ਅਤੇ ਪਰਾਲੀ ਦੀ ਸਿੱਲ ਤੇ ਨਿਰਭਰ ਕਰਦਾ ਹੈ। ਇਹ ਮਸ਼ੀਨ ਚਲਾਉਣ ਮਗਰੋਂ ਇਕ ਦਿਨ ਵਿਚ 14-15 ਏਕੜ ਦੇ ਰਕਬੇ ਦੀ ਪਰਾਲੀ ਦੀਆਂ ਗੰਢਾਂ ਬਣਾ ਦਿੰਦੀ ਹੈ।

ਪੰਜਾਬ ਵਿਚ ਲਗਪਗ 30 ਲੱਖ ਹੈਕਟੇਅਰ ਰਕਬੇ ਉੱਤੇ ਝੋਨੇ ਦੀ ਕਾਸ਼ਤ ਕੀਤੀ ਜਾਂਦੀ ਹੈ ਜਿਸ ਵਿੱਚੋਂ ਲਗਪਗ 210 ਲੱਖ ਟਨ ਪਰਾਲੀ ਪੈਦਾ ਹੁੰਦੀ ਹੈ। ਝੋਨੇ ਦੀ ਪਰਾਲੀ ਨੂੰ ਬਿਨਾਂ ਅੱਗ ਲਗਾਏ ਜਾਂ ਖੇਤ ਤੋਂ ਬਾਹਰ ਕੱਢੇ ਬਿਨਾਂ ਕਿਸੇ ਵੀ ਫ਼ਸਲ ਦੀ ਸਿੱਧੀ ਬਿਜਾਈ ਕਰਨੀ ਬਹੁਤ ਔਖੀ ਹੈ...

ਰੇਕ : ਇਸ ਮਸ਼ੀਨ ਨਾਲ ਖੇਤ ਵਿਚ ਕੱਟੀ ਅਤੇ ਖਿੰਡਰੀ ਪਰਾਲੀ ਦੀਆਂ ਖੇਤ ਵਿਚ ਕਤਾਰਾਂ ਬਣਾ ਲਈਆਂ ਜਾਂਦੀਆਂ ਹਨ। ਖਿੰਡਰੀ ਹੋਈ ਪਰਾਲੀ ਦੀਆਂ ਕਤਾਰਾਂ ਬਣਾਉਣ ਨਾਲ ਇਸ ਮਗਰੋਂ ਚੱਲਣ ਵਾਲੇ ਬੇਲਰ ਦਾ ਕੰਮ ਬਹੁਤ ਤੇਜ਼ੀ ਨਾਲ ਹੋ ਜਾਂਦਾ ਹੈ ਅਤੇ ਬੇਲਰ ਦੇ ਖੇਤ ਵਿਚ ਚੱਕਰ ਵੀ ਘੱਟ ਲੱਗਦੇ ਹਨ। ਇਹ ਮਸ਼ੀਨ ਟਰੈਕਟਰ ਪੀਟੀਓ ਦੁਆਰਾ ਚੱਲਦੀ ਹੈ।

ਪਰਾਲੀ ਨੂੰ ਸਾੜੇ ਬਿਨਾਂ ਕਣਕ ਦੀ ਸਿੱਧੀ ਬਿਜਾਈ

ਹੈਪੀ ਸੀਡਰ : ਝੋਨੇ ਦੇ ਵੱਢ ਵਿਚ ਪਰਾਲੀ ਨੂੰ ਖੇਤ ਵਿੱਚੋਂ ਕੱਢੇ ਬਿਨ੍ਹਾਂ ਕਣਕ ਦੀ ਸਿੱਧੀ ਬਿਜਾਈ ਲਈ ਯੂਨੀਵਰਸਿਟੀ ਵੱਲੋਂ ਹੈਪੀ ਸੀਡਰ ਨਾਂ ਦੀ ਮਸ਼ੀਨ ਵਿਕਸਿਤ ਕੀਤੀ ਗਈ ਹੈ। ਇਸ ਮਸ਼ੀਨ ਵਿਚ ਫਲੇਲ ਕਿਸਮ ਦੇ ਬਲੇਡ ਲੱਗੇ ਹੋਏ ਹਨ ਜੋ ਕਿ ਡਰਿਲ ਦੇ ਬਿਜਾਈ ਕਰਨ ਵਾਲੇ ਫਾਲੇ ਦੇ ਸਾਹਮਣੇ ਆਉਣ ਵਾਲੀ ਪਰਾਲੀ ਨੂੰ ਕੱਟਦੇ ਹਨ ਅਤੇ ਪਿੱਛੇ ਵੱਲ ਧੱਕਦੇ ਹਨ। ਮਸ਼ੀਨ ਦੇ ਫਾਲਿਆਂ ਵਿਚ ਪਰਾਲੀ ਨਹੀਂ ਫਸਦੀ ਅਤੇ ਸਾਫ਼ ਕੀਤੀ ਕੱਟੀ ਹੋਈ ਜਗ੍ਹਾ ਉੱਪਰ ਬੀਜ ਸਹੀ ਤਰੀਕੇ ਨਾਲ ਕੇਰਿਆ ਜਾ ਸਕਦਾ ਹੈ। ਇਹ ਮਸ਼ੀਨ 45 ਜਾਂ ਵੱਧ ਹਾਰਸ ਪਾਵਰ ਟਰੈਕਟਰ ਨਾਲ ਚੱਲਦੀ ਹੈ ਅਤੇ ਇਕ ਦਿਨ ਵਿਚ ਤਕਰੀਬਨ 5 ਏਕੜ ਰਕਬੇ ਵਿਚ ਬਿਜਾਈ ਕਰਦੀ ਹੈ। ਹੈਪੀ ਸੀਡਰ ਨਾਲ ਬੀਜੀ ਕਣਕ ਦਾ ਲਾਭ ਇਹ ਵੀ ਹੈ ਕਿ ਕਣਕ ਦੀ ਫ਼ਸਲ ਵਿਚ ਨਦੀਨ 50 ਤੋਂ 60 ਫ਼ੀਸਦੀ ਘੱਟ ਉਗਦੇ ਹਨ। ਹੈਪੀ ਸੀਡਰ ਨਾਲ ਬਿਜਾਈ ਲਈ ਕੁਝ ਗੱਲਾਂ ਧਿਆਨ ਰੱਖਣਯੋਗ ਹਨ, ਜਿਵੇਂ :

- ਹੈਪੀ ਸੀਡਰ ਨਾਲ ਕਣਕ ਬੀਜਣ ਤੋਂ ਪਹਿਲਾਂ ਝੋਨੇ ਦੀ ਪਰਾਲੀ ਨੂੰ ਖੇਤ ਵਿਚ ਇਕ ਸਾਰ ਖਿਲਾਰਨਾ ਬਹੁਤ ਜ਼ਰੂਰੀ ਹੈ।
- ਹੈਪੀ ਸੀਡਰ ਨਾਲ ਬਿਜਾਈ ਤੋਂ ਪਹਿਲਾਂ ਖੇਤ ਵਿਚ ਨਮੀ ਜਾਂ ਗਿੱਲ ਆਮ ਵਾਹੀ ਵਾਲੀ ਕਣਕ ਦੇ ਖੇਤਾਂ ਦੀ ਨਮੀ ਦੀ ਤੁਲਨਾ ਤੋਂ ਵੱਧ ਹੋਣੀ ਚਾਹੀਦੀ ਹੈ।
- ਝੋਨੇ ਦੇ ਖੇਤ ਨੂੰ ਵੀ ਅਖੀਰਲਾ ਪਾਣੀ ਇਸ ਹਿਸਾਬ ਨਾਲ ਲਗਾਉਣਾ ਚਾਹੀਦਾ ਹੈ ਤਾਂ ਜੋ ਝੋਨੇ ਦੀ ਕਟਾਈ ਤੋਂ ਬਾਅਦ ਹੈਪੀ ਸੀਡਰ ਨਾਲ ਕਣਕ ਦੀ ਬਿਜਾਈ ਬਿਨਾਂ ਰੌਣੀ ਤੋਂ ਸੰਭਵ ਹੋ ਸਕੇ।
- ਸਵੇਰੇ ਜਾਂ ਸ਼ਾਮ ਨੂੰ ਤਰੇਲ ਪੈਣ ਵੇਲੇ ਹੈਪੀ ਸੀਡਰ ਨਾਲ ਬਿਜਾਈ ਨਹੀਂ ਹੋ ਸਕਦੀ। ਇਸ ਮਸ਼ੀਨ ਨਾਲ ਬੀਜੀ ਹੋਈ ਕਣਕ ਨੂੰ ਪਹਿਲਾ ਪਾਣੀ ਹਲਕਾ ਲਗਾਉਣਾ ਚਾਹੀਦਾ ਹੈ ਅਤੇ ਇਕ ਏਕੜ ਵਿਚ ਘੱਟੋ ਘੱਟ ਚਾਰ ਕਿਆਰੇ ਹੋਣੇ ਚਾਹੀਦੇ ਹਨ।

ਕਣਕ ਦੇ ਇਕਸਾਰ ਜੰਮਣ ਲਈ ਯੂਨੀਵਰਸਿਟੀ ਵੱਲੋਂ ਹੈਪੀ ਸੀਡਰ ਵਿਚ ਸੁਧਾਰ ਕੀਤਾ ਗਿਆ ਹੈ ਅਤੇ ਇਸ ਪਿੱਛੇ ਪਹੀਏ ਲਗਾਏ ਗਏ ਹਨ। ਇਹ ਪਹੀਏ ਮਸ਼ੀਨ ਦੇ ਪਿੱਛੇ ਕਤਾਰਾਂ ਦੇ ਵਿਚਲੇ ਫ਼ਾਸਲੇ ਵਾਲੀ ਥਾਂ ਤੇ ਚੱਲਦੇ ਹਨ ਅਤੇ ਪਰਾਲੀ ਨੂੰ ਕਤਾਰਾਂ ਵਿੱਚ ਦੱਬਦੇ ਹਨ। ਇਸ ਨਾਲ ਕਤਾਰਾਂ ਵਿਚ ਪੂਰੀ ਤਰ੍ਹਾਂ ਪਰਾਲੀ ਦੀ ਮਲਚਰ ਹੁੰਦੀ ਹੈ ਅਤੇ ਕਣਕ ਦਾ ਜੰਮ ਵੀ ਇੱਕਸਾਰ ਹੁੰਦਾ ਹੈ। ਪਹੀਆਂ ਵਾਲੇ ਹੈਪੀ ਸੀਡਰ ਨੂੰ ਚਲਾਉਣ ਤੋਂ ਪਹਿਲਾਂ ਕਰਚਿਆਂ ਨੂੰ ਸਟੱਬਲ ਸ਼ੇਵਰ (ਕਟਰ) ਨਾਲ ਕੱਟ ਲੈਣਾ ਚਾਹੀਦਾ ਹੈ।

ਪੀਏਯੂ ਸੁਪਰ ਐਸਐਮਐਸ : ਝੋਨੇ ਦੀ ਵਾਢੀ ਕੰਬਾਇਨ ਨਾਲ ਕਰਨ ਕਰਕੇ ਖੇਤ ਵਿਚ ਕੰਬਾਇਨ ਦੇ ਮਗਰ ਕੱਟੀ ਹੋਈ ਪਰਾਲੀ ਦੀਆਂ ਲੀਹਾ ਬਣ ਜਾਂਦੀਆ ਹਨ। ਹੈਪੀ ਸੀਡਰ ਨਾਲ ਕਣਕ ਬੀਜਣ ਤੋਂ ਪਹਿਲਾਂ ਝੋਨੇ ਦੀ ਪਰਾਲੀ ਨੂੰ ਖੇਤ ਵਿਚ ਇਕਸਾਰ ਖਿਲਾਰਨਾ ਜ਼ਰੂਰੀ ਹੈ। ਇਸ ਕੰਮ ਲਈ ਯੂਨੀਵਰਸਿਟੀ ਵੱਲੋਂ ਇਕ 6 ਸੂਪਰ ਐਸਐਮਐਸ ਪਰਾਲੀ ਸਾਂਭਣ ਵਾਲਾ ਯੰਤਰ ਸਿਫ਼ਾਰਿਸ਼ ਕੀਤਾ ਗਿਆ ਹੈ ਜਿਸ ਨੂੰ ਕਿਸੇ ਵੀ ਸਵੈ-ਚਲਤ ਕੰਬਾਇਨ ਹਾਰਵੈਸਟਰ ਨਾਲ ਫਿੱਟ ਕਰਕੇ ਕੰਬਾਇਨ ਦੇ ਵਾਕਰਾ ਵਿਚ ਹੇਠਾਂ ਡਿੱਗਣ ਵਾਲੀ ਪਰਾਲੀ ਨੂੰ ਕੁਤਰ ਕੇ ਇਕਸਾਰ ਖੇਤ ਵਿਚ ਖਿੰਡਾਇਆ ਜਾ ਸਕਦਾ ਹੈ। ਸੁਪਰ ਐਸਐਮਐਸ ਨਾਲ ਪਰਾਲੀ ਕੁਤਰ ਕੇ ਖਿੰਡਾਉਣ ਮਗਰੋਂ ਹੈਪੀ ਸੀਡਰ ਜਾਂ ਵਿਰਲੇ ਫਾਲਿਆਂ ਵਾਲੀ ਸਪੇਸ਼ੀਅਲ ਨੋ ਟਿੱਲ ਡਰਿੱਲ ਨਾਲ ਕਣਕ ਦੀ ਸਿੱਧੀ ਬਿਜਾਈ ਕੀਤੀ ਜਾ ਸਕਦੀ ਹੈ ਅਤੇ ਸਟੱਬਲ ਸੇ (ਕਟਰ) ਚਲਾਉਣ ਦੀ ਲੋੜ ਨਹੀਂ ਪੈਂਦੀ।

ਪਰਾਲੀ ਨੂੰ ਖੇਤ ਵਿਚ ਮਿਲਾਉਣਾ

ਪਰਾਲੀ ਕੁਤਰਾ ਕਰਨ ਵਾਲਾ ਚੋਪਰ : ਪਰਾਲੀ ਨੂੰ ਖੇਤ ਵਿਚ ਮਿਲਾਉਣ ਵਾਸਤੇ ਯੂਨੀਵਰਸਿਟੀ ਵੱਲੋਂ ਚੋਪਰ ਵਿਕਸਿਤ ਕੀਤਾ

ਸੰਪਾਦਕੀ

‘ਆਯੁਸ਼ਮਾਨ ਭਾਰਤ’ ਯੋਜਨਾ ਦੇ ਪੈਸਿਆਂ ਨੂੰ ਲੈ ਕੇ ਚੱਲ ਰਿਹਾ ਵਿਵਾਦ

ਦੇਸ਼ ਵਿਚ ਗ਼ਰੀਬਾਂ ਦੀ ਸਿਹਤ ਦੀ ਰੱਖਿਆ ਲਈ ਬਣੀ ਬੀਮਾ ਯੋਜਨਾ ਉਦੋਂ ਤੱਕ ਨਹੀਂ ਚੱਲ ਸਕਦੀ, ਜਦੋਂ ਤੱਕ ਹਸਪਤਾਲਾਂ ਨੂੰ ਆਪਣੇ ਪੈਸਿਆਂ ਲਈ ਮਹੀਨਿਆਂਬੱਧੀ ਇੰਤਜ਼ਾਰ ਕਰਨਾ ਪਵੇ। ਹਰਿਆਣਾ ਸਰਕਾਰ ਨੂੰ ‘ਆਯੁਸ਼ਮਾਨ ਭਾਰਤ’ ਯੋਜਨਾ ਦੇ ਪੈਸਿਆਂ ਨੂੰ ਲੈ ਕੇ ਚੱਲ ਰਹੇ ਵਿਵਾਦ ਵਿੱਚ ਇਸ ਅਹਿਮ ਸਮੱਸਿਆ ਨੂੰ ਸਮਝਣਾ ਚਾਹੀਦਾ ਹੈ। ਇਸ ਯੋਜਨਾ ਨਾਲ ਜੁੜੇ ਪ੍ਰਾਈਵੇਟ ਹਸਪਤਾਲਾਂ ਨੇ ਉਸ ਮੁੱਦੇ ’ਤੇ ਵਿਰੋਧ ਜਤਾਇਆ ਹੈ, ਜਿਸ ਬਾਰੇ ਇੰਡੀਅਨ ਮੈਡੀਕਲ ਐਸੋਸੀਏਸ਼ਨ (ਆਈ ਐੱਮ ਏ) ਦਾ ਕਹਿਣਾ ਹੈ ਕਿ ਤਕਰੀਬਨ 650 ਹਸਪਤਾਲਾਂ ਦੇ 1,200 ਕਰੋੜ ਰੁਪਏ ਛੇ ਮਹੀਨਿਆਂ ਤੋਂ ਵੱਧ ਸਮੇਂ ਤੋਂ ਬਕਾਇਆ ਪਏ ਹਨ। ਪਹਿਲੀ ਸਤੰਬਰ ਨੂੰ ਆਯੁਸ਼ਮਾਨ ਸੇਵਾਵਾਂ ਦੀ ਇੱਕ ਦਿਨ ਦੀ ਹੜਤਾਲ ਭਾਵੇਂ ਸੰਕੇਤਕ ਸੀ, ਪਰ 16 ਸਤੰਬਰ ਤੋਂ ਇਹ ਸੇਵਾਵਾਂ ਅਣਮਿੱਥੇ ਸਮੇਂ ਲਈ ਬੰਦ ਕਰਨ ਦੀ ਚਿਤਾਵਨੀ ਨੂੰ ਨਜ਼ਰਅੰਦਾਜ਼ ਨਹੀਂ ਕੀਤਾ ਜਾਣਾ ਚਾਹੀਦਾ। ਸਰਕਾਰ ਦਾ ਦਾਅਵਾ ਹੈ ਕਿ ਵਿਰੋਧ ਪ੍ਰਦਰਸ਼ਨ ਦੌਰਾਨ ਵੀ ਹਜ਼ਾਰਾਂ ਦਾਅਵੇ ਪਾਸ ਹੋਣ ਕਾਰਨ ਆਯੁਸ਼ਮਾਨ ਸੇਵਾਵਾਂ ’ਤੇ ਕੋਈ ਖ਼ਾਸ ਅਸਰ ਨਹੀਂ ਪਿਆ। ਇਹ ਗੱਲ ਭਾਵੇਂ ਫੌਰੀ ਤੌਰ ’ਤੇ ਰਾਹਤ ਦੇਣ ਵਾਲੀ ਲੱਗੇ, ਪਰ ਇਹ ਅਸਲ ਸਮੱਸਿਆ ਦਾ ਹੱਲ ਨਹੀਂ ਕਰਦੀ। ਹਰਿਆਣਾ ਨੇ ‘ਆਯੁਸ਼ਮਾਨ ਭਾਰਤ’ ਅਤੇ ‘ਚਿਰਾਯੂ’ ਯੋਜਨਾ ਰਾਹੀਂ ਸਿਹਤ ਸੇਵਾਵਾਂ ਦਾ ਘੇਰਾ ਵਿਸ਼ਾਲ ਕੀਤਾ ਹੈ, ਜਿਸ ਵਿੱਚ ਪ੍ਰਾਈਵੇਟ ਹਸਪਤਾਲ ਇਸ ਸਿਸਟਮ ਦਾ ਇੱਕ ਅਹਿਮ ਹਿੱਸਾ ਹਨ। ਜੇਕਰ ਪੈਸੇ ਮਿਲਣ ਦਾ ਕੋਈ ਪੱਕਾ ਸਮਾਂ ਨਾ ਹੋਵੇ ਤਾਂ ਇਹ ਭਾਈਵਾਲੀ ਨਹੀਂ ਚੱਲ ਸਕਦੀ। ਇੱਕ ਵੱਡਾ ਹਸਪਤਾਲ ਤਾਂ ਮਹੀਨਿਆਂ ਤੱਕ ਬਕਾਇਆ ਰਕਮ ਦਾ ਬੋਝ ਝੱਲ ਸਕਦਾ ਹੈ, ਪਰ ਛੋਟੇ ਹਸਪਤਾਲ ਅਜਿਹਾ ਨਹੀਂ ਕਰ ਸਕਦੇ। ਜੇਕਰ ਉਹ ਇਸ ਯੋਜਨਾ ਤੋਂ ਪਾਸੇ ਹਟਦੇ ਹਨ ਤਾਂ ਇਸ ਦਾ ਸਭ ਤੋਂ ਵੱਡਾ ਨੁਕਸਾਨ ਛੋਟੇ ਸ਼ਹਿਰਾਂ ਦੇ ਮਰੀਜ਼ਾਂ ਨੂੰ ਹੋਵੇਗਾ, ਜਿਨ੍ਹਾਂ ਕੋਲ ਇਲਾਜ ਲਈ ਹੋਰ ਬਦਲ ਬਹੁਤ ਘੱਟ ਹਨ। ਸਰਕਾਰ ਵੱਲੋਂ ਦਾਅਵਿਆਂ ਦੀ ਪੜਤਾਲ ਕਰਨਾ ਬਿਲਕੁਲ ਜਾਇਜ਼ ਹੈ, ਖ਼ਾਸ ਕਰਕੇ ਉੱਥੇ ਜਿੱਥੇ ਕਾਗ਼ਜ਼ੀ ਕਾਰਵਾਈ ਅਧੂਰੀ ਹੋਵੇ ਜਾਂ ਧੋਖਾਧੜੀ ਦਾ ਸ਼ੱਕ ਹੋਵੇ, ਪਰ ਸਰਕਾਰ ਨੂੰ ਚਾਹੀਦਾ ਹੈ ਕਿ ਉਹ ਜਾਇਜ਼ ਦਾਅਵਿਆਂ ਨੂੰ ਵਿਵਾਦਿਤ ਦਾਅਵਿਆਂ ਤੋਂ ਵੱਖ ਕਰੇ। ਸਰਕਾਰ ਨੂੰ ਬਿਨਾਂ ਕਿਸੇ ਦੇਰੀ ਤੋਂ ਗ਼ੈਰ-ਵਿਵਾਦਤ ਬਕਾਏ ਜਾਰੀ ਕਰਨੇ ਚਾਹੀਦੇ ਹਨ, ਕਟੌਤੀਆਂ ਜਾਂ ਰੱਦ ਕੀਤੇ ਦਾਅਵਿਆਂ ਦਾ ਲਿਖਤੀ ਕਾਰਨ ਦੇਣਾ ਚਾਹੀਦਾ ਹੈ ਅਤੇ ਅਪੀਲਾਂ ਲਈ ਤੈਅ ਸਮਾਂ-ਸੀਮਾ ਵਾਲਾ ਸਿਸਟਮ ਬਣਾਉਣਾ ਚਾਹੀਦਾ ਹੈ। ਸਭ ਤੋਂ ਵੱਡੀ ਗੱਲ ਇਹ ਹੈ ਕਿ ਸੂਬਾਈ ਸਰਕਾਰ ਨੂੰ ਪ੍ਰਦਰਸ਼ਨ, ਭਰੋਸੇ ਅਤੇ ਮੁੜ ਬਕਾਏ ਖੜ੍ਹੇ ਹੋਣ ਦੇ ਇਸ ਚੱਕਰ ਨੂੰ ਖ਼ਤਮ ਕਰਨਾ ਚਾਹੀਦਾ ਹੈ। ਕੋਈ ਵੀ ਕੈਸ਼-ਲੈੱਸ ਯੋਜਨਾ ਮਰੀਜ਼ਾਂ ਦਾ ਇਲਾਜ ਕਰਨ ਵਾਲਿਆਂ ਦੇ ਉਧਾਰ ’ਤੇ ਲੰਮਾ ਸਮਾਂ ਨਹੀਂ ਚੱਲ ਸਕਦੀ। ਆਯੁਸ਼ਮਾਨ ਭਾਰਤ ਦੀ ਅਸਲ ਸਫਲਤਾ ਇਸ ਗੱਲ ਵਿੱਚ ਹੈ ਕਿ ਕੋਈ ਗ਼ਰੀਬ ਮਰੀਜ਼ ਬਿਨਾਂ ਪੈਸੇ ਤੋਂ ਕਿਸੇ ਸੂਚੀਬੱਧ ਹਸਪਤਾਲ ਵਿੱਚ ਜਾ ਕੇ ਇੱਜ਼ਤ ਨਾਲ ਇਲਾਜ ਕਰਵਾ ਸਕਦਾ ਹੈ ਜਾਂ ਨਹੀਂ।

ਮਿਸ਼ਨ ਕਲੀਨ ਪੰਜਾਬ : ਚੇਅਰਮੈਨ ਪਵਨ ਕੁਮਾਰ ਟੀਨੂੰ ਨੇ ਸਫਾਈ ਮੁਹਿੰਮ ਦਾ ਲਿਆ ਜਾਇਜ਼ਾ

ਜਲੰਧਰ, 9 ਸਤੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਸਰਕਾਰ ਵੱਲੋਂ ਸੂਬੇ ਨੂੰ ਸਾਫ-ਸੁਥਰਾ ਤੇ ਵਾਤਾਵਰਣ ਪੱਖੋਂ ਬਿਹਤਰ ਬਣਾਉਣ ਦੇ ਉਦੇਸ਼ ਨਾਲ ਸ਼ੁਰੂ ਕੀਤੇ ‘ਮਿਸ਼ਨ ਕਲੀਨ ਪੰਜਾਬ’ ਤਹਿਤ ਪੰਜਾਬ ਰਾਜ ਸਹਿਕਾਰੀ ਖੇਤੀਬਾੜੀ ਵਿਕਾਸ ਬੈਂਕ ਦੇ ਚੇਅਰਮੈਨ ਪਵਨ ਕੁਮਾਰ ਟੀਨੂੰ ਨੇ ਅੱਜ ਹਲਕਾ ਆਦਮਪੁਰ ਵਿਖੇ ਚਲਾਈ ਜਾ ਰਹੀ ਸਫਾਈ ਮੁਹਿੰਮ ਦਾ ਜਾਇਜ਼ਾ ਲਿਆ।

ਸਥਾਨਕ ਬੱਸ ਸਟੈਂਡ ਸਮੇਤ ਹੋਰ ਥਾਵਾਂ ’ਤੇ ਚੱਲ ਰਹੇ ਸਫਾਈ ਕਾਰਜਾਂ ਦਾ ਜਾਇਜ਼ਾ ਲੈਂਦਿਆਂ ਸ਼੍ਰੀ ਟੀਨੂੰ ਨੇ ਕਿਹਾ ਕਿ 29 ਅਗਸਤ ਤੋਂ ਸ਼ੁਰੂ ਹੋਈ ਇਸ 10 ਦਿਨਾਂ ਮੁਹਿੰਮ ਦਾ ਉਦੇਸ਼ ਖੱਲ੍ਹੇ ਵਿੱਚ ਕੂੜੇ ਦੇ ਢੇਰਾਂ ਵਾਲੀਆਂ ਥਾਵਾਂ (ਜੀ.ਵੀ.ਪੀ.) ਨੂੰ ਖਤਮ ਕਰਨਾ, ਉਨ੍ਹਾਂ ਨੂੰ ਦੁਬਾਰਾ ਬਣਨ ਤੋਂ ਰੋਕਣਾ ਅਤੇ ਲੋਕਾਂ ਵਿੱਚ ਸਫਾਈ ਪ੍ਰਤੀ ਜਾਗਰੂਕਤਾ ਪੈਦਾ ਕਰਨਾ ਹੈ।

ਉਨ੍ਹਾਂ ਕਿਹਾ ਕਿ ਸਫਾਈ ਸਿਰਫ਼ ਸਰਕਾਰ ਜਾਂ ਸਫਾਈ ਕਰਮੀਆਂ ਦੀ ਜ਼ਿੰਮੇਵਾਰੀ ਨਹੀਂ ਹੈ, ਸਗੋਂ ਸਭ ਦੀ ਸਾਂਝੀ ਜ਼ਿੰਮੇਵਾਰੀ ਹੈ। ਉਨ੍ਹਾਂ ਲੋਕਾਂ ਨੂੰ ਸਾਫ-ਸਫਾਈ ਨੂੰ ਆਪਣੀ ਰੋਜ਼ਾਨਾ ਦੀ ਜ਼ਿੰਦਗੀ ਦਾ ਹਿੱਸਾ ਬਣਾਉਣ ਦੀ ਅਪੀਲ ਕਰਦਿਆਂ ਸੂਬਾ ਸਰਕਾਰ ਵੱਲੋਂ ਸ਼ਹਿਰਾਂ ਤੇ ਪਿੰਡਾਂ ਨੂੰ ਸਾਫ-ਸੁਥਰਾ ਰੱਖਣ ਲਈ ਕੀਤੇ ਜਾ ਰਹੇ ਉਪਰਾਲਿਆਂ ਵਿੱਚ ਸਹਿਯੋਗ ਦੇਣ ਦਾ ਸੱਦਾ ਦਿੱਤਾ। ਉਨ੍ਹਾਂ ਕਿਹਾ ਕਿ ਅਜਿਹੇ ਉਪਰਾਲੇ ਉਦੋਂ ਹੀ ਸਫਲ ਹੋ ਸਕਦੇ ਹਨ, ਜਦੋਂ ਸਰਕਾਰੀ ਏਜੰਸੀਆਂ ਅਤੇ ਲੋਕ ਇਕੱਠੇ ਮਿਲ ਕੇ ਕੰਮ ਕਰਨ।

ਚੇਅਰਮੈਨ ਨੇ ਸ਼ਹਿਰ ਵਾਸੀਆਂ ਨੂੰ ਅਪੀਲ ਕਰਦਿਆਂ ਕਿਹਾ ਕਿ ਘਰੇਲੂ ਕੂੜੇ ਦਾ ਨਿਪਟਾਰਾ ਢੁੱਕਵੇਂ ਢੰਗ ਨਾਲ ਕਰਨ ਦੇ ਨਾਲ-ਨਾਲ ਕੂੜਾ-ਕਰਕਟ ਇਧਰ-ਉਧਰ ਅਤੇ ਖੁੱਲ੍ਹੇ ਵਿੱਚ ਨਾ ਸੁੱਟ ਕੇ ਸਫਾਈ ਕਰਮੀਆਂ ਦਾ ਸ਼ਹਿਰਾਂ ਨੂੰ ਸਾਫ਼-ਸੁਥਰਾ ਰੱਖਣ ਦੇ ਕਾਰਜਾਂ ਵਿੱਚ ਸਹਿਯੋਗ ਕੀਤਾ ਜਾਵੇ। ਉਨ੍ਹਾਂ ਲੋਕਾਂ ਨੂੰ ਆਪਣੇ ਆਲੇ-ਦੁਆਲੇ ਚੱਲ ਰਹੀਆਂ ਸਫਾਈ ਗਤੀਵਿਧੀਆਂ ਵਿੱਚ ਸਰਗਰਮੀ ਨਾਲ ਹਿੱਸਾ ਲੈਣ ਅਤੇ ਹੋਰਨਾਂ ਨੂੰ ਵੀ ਸਫਾਈ ਉਪਰਾਲਿਆਂ ਵਿੱਚ ਯੋਗਦਾਨ ਪਾਉਣ ਲਈ ਪ੍ਰੇਰਿਤ ਕਰਨ ਲਈ ਕਿਹਾ।ਇਸ ਮੌਕੇ ਨਗਰ ਕੌਂਸਲਰ ਚਰਨਜੀਤ ਸਿੰਘ ਸ਼ੇਰੀ, ਪਵਿੱਤਰ ਸਿੰਘ, ਦਵਿੰਦਰ ਸਿੰਘ ਸੂਰੀ, ਜੋਗਿੰਦਰ ਪਾਲ ਤੇ ਬਿਕਰਮ ਬੱਧਣ, ਕਾਰਜ ਸਾਧਕ ਅਫ਼ਸਰ ਰਾਜੀਵ ਓਬਰਾਏ, ਮਾਰਕੀਟ ਕਮੇਟੀ ਦੇ ਚੇਅਰਮੈਨ ਹਰਕੀਰਤ ਸਿੰਘ ਨਿੱਝਰ, ਪੰਕਜ ਹਨੀ, ਰਾਕੇਸ਼ ਆਗਰਵਾਲ, ਤਨੁਜ, ਲਖਨ ਬਾਹਰੀ ਅਤੇ ਹੋਰ ਸਫਾਈ ਕਰਮੀ ਵੀ ਮੌਜੂਦ ਸਨ।

‘ਗੈਂਗਸਟਰਾਂ ’ਤੇ ਵਾਰ’ ਮੁਹਿੰਮ ਤਹਿਤ ਮਾਲੇਰਕੋਟਲਾ ਪੁਲਿਸ ਵੱਲੋਂ ਤਿੰਨ ਹਥਿਆਰਬੰਦ ਹਿਸਟਰੀਸ਼ੂਟਰ ਗ੍ਰਿਫ਼ਤਾਰ

ਮਾਲੇਰਕੋਟਲਾ, 9 ਸਤੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਗੈਂਗਸਟਰਾਂ, ਨਾਜਾਇਜ਼ ਹਥਿਆਰਾਂ ਅਤੇ ਸੰਗਠਿਤ ਅਪਰਾਧ ਵਿਰੁੱਧ ਚਲਾਈ ਜਾ ਰਹੀ ‘ਗੈਂਗਸਟਰਾਂ ’ਤੇ ਵਾਰ’ ਮੁਹਿੰਮ ਤਹਿਤ ਮਾਲੇਰਕੋਟਲਾ ਪੁਲਿਸ ਨੇ ਤਿੰਨ ਕਥਿਤ ਹਥਿਆਰਬੰਦ ਹਿਸਟਰੀਸ਼ੂਟਰਾਂ ਨੂੰ ਗ੍ਰਿਫ਼ਤਾਰ ਕਰਕੇ ਉਨ੍ਹਾਂ ਦੇ ਕਬਜ਼ੇ ਵਿੱਚੋਂ ਦੋ ਦੇਸੀ .32 ਬੋਰ ਪਿਸਤੌਲ ਅਤੇ 6 ਜ਼ਿੰਦਾ ਕਾਰਤੂਸ ਬਰਾਮਦ ਕੀਤੇ ਹਨ। ਗ੍ਰਿਫ਼ਤਾਰ ਕਥਿਤ ਮੁਲਜ਼ਮਾਂ ਦੀ ਪਛਾਣ ਸੱਯਦ ਸਾਹਮੂਨ ਉਰਫ਼ ਮੂਨ ਪੁੱਤਰ ਮੁਹੰਮਦ ਮੇਹਰਾਜ, ਵਾਸੀ ਗਰੀਬ ਨਗਰੀ, ਈਦਗਾਹ ਰੋਡ, ਮਾਲੇਰਕੋਟਲਾ, ਮੁਹੰਮਦ ਸਮੀਰ ਉਰਫ਼ ਸਾਜੀ ਪੁੱਤਰ ਮੁਹੰਮਦ ਸ਼ਕੀਲ, ਵਾਸੀ ਈਦਗਾਹ ਫਾਟਕ ਦੇ ਨੇੜੇ, ਇਮਾਮਗੜ੍ਹ ਰੋਡ, ਮਾਲੇਰਕੋਟਲਾ ਅਤੇ ਮੁਹੰਮਦ ਅਵੈਸ ਉਰਫ਼ ਬੰਸਰੀ ਵਾਲਾ ਪੁੱਤਰ ਅੱਬਾਸ, ਵਾਸੀ ਮੁਹੱਲਾ ਚੂਹੱਟਾ, ਮਾਲੇਰਕੋਟਲਾ ਵਜੋਂ ਹੋਈ ਹੈ।

ਐਸ.ਐਸ.ਪੀ. ਮਾਲੇਰਕੋਟਲਾ ਸ੍ਰੀ ਹਰਕਮਲਪ੍ਰੀਤ ਸਿੰਘ ਖੱਖ, ਪੀ.ਪੀ.ਐਸ. ਨੇ ਪੱਤਰਕਾਰਾਂ ਨੂੰ ਜਾਣਕਾਰੀ ਦਿੰਦਿਆਂ ਦੱਸਿਆ ਕਿ ਪੁਲਿਸ ਟੀਮ ਨੇ ਭਰੋਸੇਯੋਗ ਸੂਚਨਾ ਦੇ ਆਧਾਰ ’ਤੇ ਇਹ ਕਾਰਵਾਈ ਕੀਤੀ। ਆਪ੍ਰੇਸ਼ਨ ਦੀ ਯੋਜਨਾ ਸ੍ਰੀ ਰਮਨਦੀਪ ਸਿੰਘ ਭੁੱਲਰ, ਪੀ.ਪੀ.ਐਸ., ਐਸ.ਪੀ. (ਇਨਵੈਸਟੀਗੇਸ਼ਨ) ਅਤੇ ਸ੍ਰੀ ਦੀਪਵਿੰਦਰਪਾਲ ਸਿੰਘ, ਪੀ.ਪੀ.ਐਸ., ਡੀ.ਐਸ.ਪੀ. (ਇਨਵੈਸਟੀਗੇਸ਼ਨ), ਮਾਲੇਰਕੋਟਲਾ ਦੀ ਨਿਗਰਾਨੀ ਹੇਠ ਤਿਆਰ ਕੀਤੀ ਗਈ। ਕਾਰਵਾਈ ਇੰਸਪੈਕਟਰ ਹਰਜਿੰਦਰ ਸਿੰਘ, ਇੰਚਾਰਜ ਸੀ.ਆਈ.ਏ. ਸਟਾਫ਼ ਮਾਹੋਰਾਣਾ ਦੀ ਅਗਵਾਈ ਹੇਠ ਏ.ਐਸ.ਆਈ. ਲਖਵਿੰਦਰ ਸਿੰਘ ਸਮੇਤ ਪੁਲਿਸ ਟੀਮ ਵੱਲੋਂ ਕੀਤੀ ਗਈ।

ਉਨ੍ਹਾਂ ਦੱਸਿਆ ਕਿ ਲੁਧਿਆਣਾ ਬਾਈਪਾਸ ਨੇੜੇ ਵਾਹਨਾਂ ਦੀ ਚੈਕਿੰਗ ਦੌਰਾਨ ਪੁਲਿਸ ਨੂੰ ਸੂਚਨਾ ਮਿਲੀ ਕਿ ਪਹਿਲਾਂ ਦਰਜ ਹੋਏ ਇੱਕ ਫਾਇਰਿੰਗ ਦੇ ਮਾਮਲੇ ਵਿੱਚ ਲੋੜੀਂਦੇ ਤਿੰਨੇ ਮੁਲਜ਼ਮ ਨੇੜਲੇ ਬਿਜਲੀ ਗਰਿੱਡ ਦੇ ਕੋਲ ਲੁਕੇ ਹੋਏ ਹਨ। ਸੂਚਨਾ ਮਿਲਦੇ ਹੀ ਪੁਲਿਸ ਟੀਮ ਨੇ ਤੁਰੰਤ ਮੌਕੇ ’ਤੇ ਪਹੁੰਚ ਕੇ ਤਿੰਨਾਂ ਮੁਲਜ਼ਮਾਂ ਨੂੰ ਕਾਬੂ ਕਰ ਲਿਆ। ਤਲਾਸ਼ੀ ਦੌਰਾਨ ਸੱਯਦ ਸਾਹਮੂਨ ਉਰਫ਼ ਮੂਨ ਕੋਲੋਂ ਇੱਕ .32 ਬੋਰ ਦੇਸੀ ਪਿਸਤੌਲ ਅਤੇ 2 ਜ਼ਿੰਦਾ ਕਾਰਤੂਸ, ਮੁਹੰਮਦ ਸਮੀਰ ਉਰਫ਼ ਸਾਜੀ ਕੋਲੋਂ ਇੱਕ .32 ਬੋਰ ਦੇਸੀ ਪਿਸਤੌਲ ਅਤੇ 2 ਜ਼ਿੰਦਾ ਕਾਰਤੂਸ, ਜਦਕਿ ਮੁਹੰਮਦ ਅਵੈਸ ਉਰਫ਼ ਬੰਸਰੀ ਵਾਲਾ ਕੋਲੋਂ 2 ਜ਼ਿੰਦਾ ਕਾਰਤੂਸ ਬਰਾਮਦ ਕੀਤੇ ਗਏ। ਇਸ ਸਬੰਧੀ ਧਾਰਾ 25/54/59 ਆਰਮਜ਼ ਐਕਟ ਅਤੇ ਧਾਰਾ 112 ਬੀ.ਐਨ.ਐਸ. ਦੇ ਤਹਿਤ ਥਾਣਾ ਸਿਟੀ-2, ਮਾਲੇਰਕੋਟਲਾ ਵਿਖੇ ਐਫ.ਆਈ.ਆਰ. ਦਰਜ ਕੀਤੀ ਗਈ ਹੈ। ਮੁਲਜ਼ਮਾਂ ਨੂੰ ਅਦਾਲਤ ਵਿੱਚ ਪੇਸ਼ ਕਰਨ ਤੋਂ ਬਾਅਦ ਪੁਲਿਸ ਰਿਮਾਂਡ ਹਾਸਲ ਕੀਤਾ ਗਿਆ ਅਤੇ ਬਾਅਦ ਵਿੱਚ ਉਨ੍ਹਾਂ ਨੂੰ ਕੇਂਦਰੀ ਜੇਲ੍ਹ, ਪਟਿਆਲਾ ਭੇਜ ਦਿੱਤਾ ਗਿਆ। ਐਸ.ਐਸ.ਪੀ. ਖੱਖ ਨੇ ਦੱਸਿਆ ਕਿ ਤਿੰਨਾਂ ਮੁਲਜ਼ਮਾਂ ਦਾ ਨਾਜਾਇਜ਼ ਹਥਿਆਰ ਰੱਖਣ ਅਤੇ ਫਾਇਰਿੰਗ ਨਾਲ ਸਬੰਧਤ ਮਾਮਲਿਆਂ ਵਿੱਚ ਅਪਰਾਧਿਕ ਰਿਕਾਰਡ ਰਿਹਾ ਹੈ। ਉਨ੍ਹਾਂ ਕਿਹਾ ਕਿ ‘ਗੈਂਗਸਟਰਾਂ ’ਤੇ ਵਾਰ’ ਮੁਹਿੰਮ ਤਹਿਤ ਗੈਂਗਸਟਰਾਂ, ਨਾਜਾਇਜ਼ ਹਥਿਆਰਾਂ ਅਤੇ ਸੰਗਠਿਤ ਅਪਰਾਧ ਵਿਰੁੱਧ ਮਾਲੇਰਕੋਟਲਾ ਪੁਲਿਸ ਦੀ ਕਾਰਵਾਈ ਲਗਾਤਾਰ ਜਾਰੀ ਰਹੇਗੀ।

ਕੈਬਨਿਟ ਮੰਤਰੀ ਨੇ ਵਾਰਡ ਨੰਬਰ 44 ‘ਚ 15 ਲੱਖ ਰੁਪਏ ਦੀ ਲਾਗਤ ਵਾਲੇ ਸੀਵਰੇਜ ਕੰਮਾਂ ਦੀ ਸ਼ੁਰੂਆਤ ਕਰਵਾਈ

ਜਲੰਧਰ, 9 ਸਤੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਦੇ ਬਾਗਬਾਨੀ, ਸੁਤੰਤਰਤਾ ਸੈਨਾਨੀ ਤੇ ਰੱਖਿਆ ਸੇਵਾਵਾਂ ਭਲਾਈ ਮੰਤਰੀ ਮੋਹਿੰਦਰ ਭਗਤ ਨੇ ਅੱਜ ਸ਼ਹਿਰ ਦੇ ਵਾਰਡ ਨੰਬਰ 44 ਅਧੀਨ ਆਉਂਦੇ ਸਿਲਵਰ ਓਕ ਇਲਾਕੇ ਵਿੱਚ ਕਰੀਬ 15 ਲੱਖ ਰੁਪਏ ਦੀ ਲਾਗਤ ਨਾਲ ਹੋਣ ਵਾਲੇ ਸੀਵਰੇਜ ਦੇ ਕੰਮਾਂ ਦੀ ਸ਼ੁਰੂਆਤ ਕਰਵਾਈ।ਇਸ ਮੌਕੇ ਕੈਬਨਿਟ ਮੰਤਰੀ ਨੇ ਆਪਣੇ ਸੰਬੋਧਨ ਦੌਰਾਨ ਕਿਹਾ ਕਿ ਮੁੱਖ ਮੰਤਰੀ ਸ੍. ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਵੱਲੋਂ ਵਿਕਾਸ ਮੁਖੀ ਏਜੰਡੇ ’ਤੇ ਕੰਮ ਕਰਦੇ ਹੋਏ ਸ਼ਹਿਰਾਂ ਦੇ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰਨ ਅਤੇ ਲੋਕਾਂ ਨੂੰ ਬਿਹਤਰ

ਨਾਗਰਿਕ ਸਹੂਲਤਾਂ ਮੁਹੱਈਆ ਕਰਵਾਉਣ ਨੂੰ ਤਰਜੀਹ ਦਿੱਤੀ ਜਾ ਰਹੀ ਹੈ।ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਵੱਲੋਂ ਲੋਕਾਂ ਦੀਆਂ ਜ਼ਰੂਰਤਾਂ ਅਤੇ ਸਥਾਨਕ ਸਮੱਸਿਆਵਾਂ ਨੂੰ ਪਹਿਲ ਦੇ ਆਧਾਰ ’ਤੇ ਹੱਲ ਕੀਤਾ ਜਾ ਰਿਹਾ ਹੈ। ਸੜਕਾਂ, ਸੀਵਰੇਜ, ਸਫ਼ਾਈ, ਸਟ੍ਰੀਟ ਲਾਈਟਾਂ ਸਮੇਤ ਹੋਰ ਬੁਨਿਆਦੀ ਸਹੂਲਤਾਂ ਨੂੰ ਬਿਹਤਰ ਬਣਾਉਣ ਲਈ ਲਗਾਤਾਰ ਵਿਕਾਸ ਕਾਰਜ ਕਰਵਾਏ ਜਾ ਰਹੇ ਹਨ।ਉਨ੍ਹਾਂ ਕਿਹਾ ਕਿ ਇਸ ਪ੍ਰਾਜੈਕਟ ਸਦਕਾ ਇਲਾਕੇ ਦੇ ਲੋਕਾਂ ਨੂੰ ਬਿਹਤਰ ਸੀਵਰੇਜ ਸਹੂਲਤ ਮਿਲੇਗੀ। ਉਨ੍ਹਾਂ ਸਬੰਧਤ ਅਧਿਕਾਰੀਆਂ ਨੂੰ ਨਿਰਮਾਣ ਕਾਰਜ ਨਿਰਧਾਰਿਤ ਸਮੇਂ ਦੇ ਅੰਦਰ ਅਤੇ ਤੈਅ ਮਾਪਦੰਡਾਂ ਅਨੁਸਾਰ ਮੁਕੰਮਲ ਕਰਨ ਦੇ ਨਿਰਦੇਸ਼ ਦਿੱਤੇ। ਸ਼੍ਰੀ ਭਗਤ ਨੇ ਕਿਹਾ ਕਿ ਵਿਕਾਸ ਕਾਰਜਾਂ ਲਈ ਫੰਡਾਂ ਦੀ ਕੋਈ ਕਮੀ ਨਹੀਂ ਹੈ ਅਤੇ ਆਉਣ ਵਾਲੇ ਸਮੇਂ ਵਿੱਚ ਵੀ ਵਿਕਾਸ ਕੰਮ ਇਸੇ ਤਰ੍ਹਾਂ ਜਾਰੀ ਰਹਿਣਗੇ। ਇਸ ਮੌਕੇ ਵਾਰਡ ਦੇ ਕੌਂਸਲਰ ਰਾਜ ਕੁਮਾਰ ਰਾਜੂ ਅਤੇ ਇਲਾਕੇ ਦੇ ਲੋਕਾਂ ਵੱਲੋਂ ਪੰਜਾਬ ਸਰਕਾਰ ਅਤੇ ਕੈਬਨਿਟ ਮੰਤਰੀ ਦਾ ਵਿਕਾਸ ਕਾਰਜ ਸ਼ੁਰੂ ਕਰਵਾਉਣ ਲਈ ਧੰਨਵਾਦ ਪ੍ਰਗਟ ਕੀਤਾ ਗਿਆ।

ਪਰਾਲੀ ਪ੍ਰਬੰਧਨ ਪ੍ਰਤੀ ਜਾਗਰੂਕ ਕਰਨ ਅਤੇ ਤੇਲ ਬੀਜ ਫ਼ਸਲਾਂ ਨੂੰ ਉਤਸ਼ਾਹਿਤ ਕਰਨ ਲਈ ਜ਼ਿਲ੍ਹੇ ਭਰ ਵਿੱਚ ਕੈਂਪ ਜਾਰੀ

ਤਰਨਤਾਰਨ, 9 ਸਤੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਮੁੱਖ ਖੇਤੀਬਾੜੀ ਅਫ਼ਸਰ ਤਰਨਤਾਰਨ ਡਾ. ਤੇਜਬੀਰ ਸਿੰਘ ਭੁੱਲਰ ਨੇ ਦੱਸਿਆ ਕਿ ਪੰਜਾਬ ਸਰਕਾਰ ਦੇ ਦਿਸ਼ਾ-ਨਿਰਦੇਸ਼ਾਂ ਅਤੇ ਡਿਪਟੀ ਕਮਿਸ਼ਨਰ ਤਰਨਤਾਰਨ ਸ੍ਰੀ ਰਾਹੁਲ, ਦੀ ਅਗਵਾਈ ਹੇਠ ਜ਼ਿਲ੍ਹਾ ਤਰਨਤਾਰਨ ਦੇ ਪਿੰਡਾਂ ਵਿੱਚ ਪਰਾਲੀ ਨੂੰ ਅੱਗ ਨਾ ਲਗਾਉਣ ਅਤੇ ਤੇਲ ਬੀਜ ਫ਼ਸਲਾਂ ਦੀ ਕਾਸ਼ਤ ਨੂੰ ਉਤਸ਼ਾਹਿਤ ਕਰਨ ਲਈ ਪਿੰਡ, ਬਲਾਕ ਅਤੇ ਜ਼ਿਲ੍ਹਾ ਪੱਧਰੀ ਸਿਖਲਾਈ ਕੈਂਪ ਲਗਾਏ ਜਾ ਰਹੇ ਹਨ।

ਉਨ੍ਹਾਂ ਦੱਸਿਆ ਕਿ ਇਨ੍ਹਾਂ ਕੈਂਪਾਂ ਦੌਰਾਨ ਕਿਸਾਨਾਂ ਨੂੰ ਪਰਾਲੀ ਨਾ ਸਾੜਨ ਸਬੰਧੀ ਪੂਰਨ ਜਾਗਰੂਕ ਕੀਤਾ ਜਾ ਰਿਹਾ ਹੈ ਅਤੇ ਪਰਾਲੀ ਨਾ ਸਾੜਨ ਸਬੰ

ਸਿੱਖ ਰਾਜ ਕਿਵੇਂ

ਸਿੱਖ ਪੰਥ ਦੇ ਬਾਨੀ ਸ੍ਰੀ ਗੁਰੂ ਨਾਨਕ ਦੇਵ ਜੀ

ਜਗਤ ਜਲੰਦਾ ਠਾਰਨ ਵਾਸਤੇ ਗੁਰੂ ਨਾਨਕ ਦੇਵ ਜੀ ਨੇ 15 ਅਪ੍ਰੈਲ 1469 ਈ: (ਵਿਸਾਖ ਸੁਦੀ 3, 1526 ਬਿਕ੍ਰਮੀ) ਨੂੰ ਅਵਤਾਰ ਧਾਰਿਆ। ਆਪ ਨੇ ਦੇਸ਼ ਦੇ ਡਿੱਗੇ ਹੋਏ ਜੀਵਨ ਨੂੰ ਹਰ ਪਹਿਲੂ ਤੋਂ ਉੱਚਾ ਚੁੱਕਿਆ, ਨਿਰੰਕਾਰ ਦੇ ਸਿਮਰਨ ਦੀ ਨਵੀਂ ਲਟਕ ਲਾਈ, ਧਰਮ ਤੇ ਸਮਾਜ ਦੀਆਂ ਕੁਰੀਤੀਆਂ ਨੂੰ ਦੂਰ ਕੀਤਾ ਤੇ ਨਾਲ ਹੀ ਸਮੇਂ ਦੀ ਹਕੂਮਤ ਉਤੇ ਵੀ ਬੜੇ ਖੁੱਲ੍ਹੇ ਤੇ ਖਰੇ ਸ਼ਬਦਾਂ ਵਿਚ ਨੁਕਤਾਚੀਨੀ ਕੀਤੀ। ਰਾਜ-ਕਰਮਚਾਰੀਆਂ ਦੇ ਚਲਨ ਬਾਰੇ ਆਪ ਨੇ ਰਾਏ ਪ੍ਰਗਟ ਕੀਤੀ : 'ਕਾਲਿ ਕਾਤੀ ਰਾਜੇ ਕਾਸਾਈ ਧਰਮੁ ਪੰਖ ਕਰਿ ਉਡਰਿਆ।'

ਜਿਥੇ ਹਜ਼ੂਰ ਰੂਹਾਨੀਅਤ ਦੇ ਮਾਲਿਕ ਸਨ, ਉਥੇ ਧਰਮ, ਰਾਜਨੀਤੀ ਦੇ ਵੀ ਸੱਚੇ ਪ੍ਰਚਾਰਕ ਸਨ। ਗਰੀਬਾਂ ਦਾ ਦਰਦ ਰੱਖਣ ਵਾਲੇ ਮਹਾਰਾਜ ਦੁਖੀ ਪਰਜਾ ਨੂੰ ਕਸਾਈ ਰਾਜਿਆਂ ਦੇ ਵੱਸ ਪਿਆ ਦੇਖ ਕੇ ਕਿਵੇਂ ਸਹਾਰ ਸਕਦੇ ਸਨ ? ਸੋ ਆਪ ਨੇ ਇਕ ਅਜਿਹੇ ਪੰਥ ਦੀ ਨੀਂਹ ਧਰੀ, ਜੋ ਦੇਸ਼ ਵਿਚ ਧਰਮ ਦਾ ਰਾਜ ਕਾਇਮ ਕਰ ਸਕੇ।

ਇਸ ਪੰਥ ਦਾ ਪ੍ਰਚਾਰ ਸਾਰੇ ਦੇਸ਼ ਵਿਚ ਖਿੱਲਰ ਗਿਆ ਤਾਂ ਤੀਜੇ ਗੁਰੂ ਅਮਰਦਾਸ ਜੀ ਨੇ ਸਾਰੇ ਮੁਲਕ ਨੂੰ ਬਾਈ ਹਿੱਸਿਆਂ ਵਿਚ ਵੰਡਿਆ ਤੇ ਹਰ ਹਿੱਸੇ ਵਿਚ ਪ੍ਰਚਾਰ ਵਾਸਤੇ ਇਕ-ਇਕ ਆਗੂ ਥਾਪਿਆ। ਇਸ ਸਿਲਸਿਲੇ ਨੂੰ 'ਬਾਈ ਮੰਜੀਆਂ' ਵੀ ਕਹਿੰਦੇ ਹਨ। ਨੀਤੀ ਨਿਪੁੰਨ ਬਾਦਸ਼ਾਹ ਅਕਬਰ ਗੁਰੂ ਘਰ ਦਾ ਸ਼ਰਧਾਲੂ ਸੀ। ਉਹ ਲਾਹੌਰ ਤੋਂ ਦਿੱਲੀ ਨੂੰ ਜਾਂਦਾ ਹੋਇਆ ਗੁਰੂ ਜੀ ਦੇ ਦਰਸ਼ਨ ਨੂੰ ਗਿਆ ਤੇ ਕਿਹਾ, 'ਹਜ਼ੂਰ, ਕੋਈ ਸੇਵਾ ਬਖਸ਼ੋ।' ਤਾਂ ਮਹਾਰਾਜ ਨੇ ਕਿਹਾ, 'ਇਸ ਸਾਲ ਪੰਜਾਬ ਦਾ ਮਾਮਲਾ ਮਾਫ਼ ਕਰ ਦਿਹ, ਕਿਉਂਕਿ ਜਿਨਸਾਂ ਦੇ ਭਾਉ ਗਿਰਨ ਕਰਕੇ ਜ਼ਿਮੀਂਦਾਰਾਂ ਨੂੰ ਬੜੀ ਤੰਗੀ ਹੋ ਜਾਵੇਗੀ।' ਅਕਬਰ ਨੇ ਮਾਮਲਾ ਮਾਫ਼ ਕਰ ਦਿੱਤਾ ਤੇ ਆਪਣੀ ਰਾਏ ਪ੍ਰਗਟ ਕੀਤੀ ਕਿ 'ਗੁਰੂ ਗਰੀਬਾਂ ਦਾ ਦੋਸਤ ਹੈ।' ਇਸ ਘਟਨਾ ਦਾ ਇਹ ਅਸਰ ਹੋਇਆ ਕਿ ਪੰਜਾਬ ਦੇ ਜੱਟਾਂ ਵਿਚ ਸਿੱਖੀ ਬਹੁਤ ਵਧ ਗਈ। ਗੁਰੂ ਅਰਜਨ ਦੇਵ ਜੀ ਨੇ ਸਿੱਖੀ (ਪੰਥ) ਨੂੰ ਸਹੀ ਅਰਥਾਂ ਵਿਚ ਜਥੇਬੰਦ ਕੀਤਾ। ਆਪਣੇ ਪਿਤਾ ਜੀ ਦਾ ਆਰੰਭ ਕੀਤਾ ਹੋਇਆ ਅੰਮ੍ਰਿਤਸਰ ਹਰਿਮੰਦਰ ਸਾਹਿਬ ਪੂਰਨ ਕੀਤਾ, ਬਾਈ ਸੂਬਿਆਂ ਦੇ ਪ੍ਰਚਾਰ ਤੇ ਉਗਰਾਹੀ ਨੂੰ ਠੀਕ ਕੀਤਾ ਤੇ ਸਭ ਤੋਂ ਵੱਡਾ ਕੰਮ 'ਗੁਰੂ ਗ੍ਰੰਥ' ਸਾਹਿਬ ਦੀ ਬੀੜ ਪੂਰੀ ਕਰਨ ਦਾ ਕੀਤਾ। ਹੁਣ ਸਿੱਖ ਇਕ ਪੂਰੀ ਤਰ੍ਹਾਂ ਜਥੇਬੰਦ ਧਰਮ (ਮਜ਼ਬ-ਫਿਰਕਾ) ਸੀ।

ਸਿੱਖਾਂ ਕੋਲ ਚਾਰ ਚੀਜ਼ਾਂ ਆਪਣੀਆਂ ਸਨ : 1. ਆਪਣਾ ਧਰਮ ਗ੍ਰੰਥ, 2. ਆਪਣਾ ਧਰਮ ਮੰਦਿਰ, 3. ਆਪਣਾ ਧਰਮ ਆਗੂ ਤੇ 4. ਆਪਣੀ ਸਾਂਝੀ ਗੋਲਕ (ਫੰਡ ਜਾਂ ਖਜ਼ਾਨਾ)। ਇਸ ਵੇਲੇ ਸਿੱਖੀ ਫਕੀਰਾਂ ਦੀ ਟੋਲੀ ਨਹੀਂ ਰਹੀ ਸੀ, ਸਗੋਂ ਵਿਹਾਰਕ ਬੰਦਿਆਂ ਦਾ ਇਕ ਅਟੁੱਟ ਲੜੀ ਵਿਚ ਪਰੋਇਆ ਹੋਇਆ ਪੰਥ ਸੀ। ਉਨ੍ਹਾਂ ਵਿਚ ਵਾਹੀਵਾਨ ਜ਼ਿਮੀਂਦਾਰ, ਦੁਕਾਨਦਾਰ, ਵਪਾਰੀ, ਸ਼ਸਤਰਧਾਰੀ, ਸਿਪਾਹੀ, ਧਰਮ ਪ੍ਰਚਾਰਕ, ਮੁੱਕਦੀ ਗੱਲ, ਵੱਡੇ ਤੋਂ ਵੱਡਾ ਤੇ ਛੋਟੇ ਤੋਂ ਛੋਟਾ, ਹਰ ਤਰ੍ਹਾਂ ਦੇ ਆਦਮੀ ਸਨ। ਉਹ ਇਕ ਨਿਰੰਕਾਰ ਨੂੰ ਪੂਜਦੇ ਤੇ ਧਰਤੀ 'ਤੇ ਇਕ ਗੁਰੂ ਅਰਜਨ ਦੇਵ ਜੀ ਦਾ ਹੁਕਮ ਮੰਨਦੇ ਸਨ। ਇਸ ਵੇਲੇ ਗੁਰਗੱਦੀ ਦੀ ਸ਼ਾਨ ਫਕੀਰਾਂ ਵਾਲੀ ਨਹੀਂ, ਮਹਾਰਾਜਿਆਂ ਵਾਲੀ ਸੀ। ਗੁਰੂ ਅਰਜਨ ਦੇਵ ਜੀ ਆਪ ਬੜੇ ਸਾਦਾ ਰਹਿੰਦੇ ਸਨ ਪਰ ਗੁਰਗੱਦੀ ਦੀ ਸ਼ਾਨ ਵਾਸਤੇ ਸ਼ਾਹੀ ਮੰਦਿਰ, ਰੇਸ਼ਮੀ ਤੰਬੂ, ਹਾਥੀ, ਘੋੜੇ ਸਭ ਕੁਝ ਸੀ। ਇਥੋਂ ਤੱਕ ਸਿੱਖੀ ਨੇ ਤਰੱਕੀ ਕੀਤੀ ਕਿ ਇਹ ਪੰਥ ਤੁਅੱਸਬੀ ਜਹਾਂਗੀਰ ਦੀਆਂ ਅੱਖਾਂ ਵਿਚ ਰੜਕਣ ਲੱਗ ਪਿਆ। ਅੰਤ ਉਸ ਧੱਕੇਖੋਰ ਬਾਦਸ਼ਾਹ ਦੇ ਹੁਕਮ ਨਾਲ ਗੁਰੂ ਅਰਜਨ ਦੇਵ ਜੀ 30 ਮਈ 1606 ਈ: ਜੇਠ ਸੁਦੀ ਚਾਰ, ਦੋ ਹਾੜ੍ਹ 1663 ਬਿ: ਨੂੰ ਸ਼ਹੀਦ ਕਰ ਦਿੱਤੇ ਗਏ।

ਫਿਰ ਬਲੀ ਯੋਧੇ ਗੁਰੂ ਹਰਿਗੋਬਿੰਦ ਸਾਹਿਬ ਜੀ ਗੁਰਗੱਦੀ 'ਤੇ ਬੈਠੇ। ਉਹ ਪੀਰਾਂ ਦੇ ਪੀਰ ਤੇ ਰਾਜਿਆਂ ਦੇ ਮਹਾਰਾਜ ਸਨ। ਉਨ੍ਹਾਂ ਦੇ ਸਿਰ 'ਤੇ ਸੁਨਹਿਰੀ ਕਲਗੀ, ਗਾਤਰੇ, ਦੋ ਤਲਵਾਰਾਂ ਤੇ ਹੱਥ ਉਤੇ ਸੁੰਦਰ ਬਾਜ਼ ਹੁੰਦਾ ਸੀ। ਆਪ ਅਕਾਲ ਤਖ਼ਤ ਉਤੇ ਸ਼ਾਹੀ ਪੁਸ਼ਾਕ ਪਹਿਨ ਕੇ ਬਾਦਸ਼ਾਹੀ ਤਖ਼ਤ ਸਜਾ ਕੇ ਦਰਬਾਰ ਲਗਾਉਂਦੇ ਸਨ। ਮੁਗਲ-ਸ਼ਾਹੀ ਦੇ ਅੰਦਰ-ਅੰਦਰ ਹੀ ਸਿੱਖਾਂ ਦਾ ਪੰਚਾਇਤੀ ਰਾਜ ਕਾਇਮ ਹੋ ਚੁੱਕਾ ਸੀ। ਅੰਮ੍ਰਿਤਸਰ ਉਨ੍ਹਾਂ ਦੀ ਰਾਜਧਾਨੀ ਸੀ ਤੇ ਗੁਰੂ ਹਰਿਗੋਬਿੰਦ ਸਾਹਿਬ ਉਨ੍ਹਾਂ ਦੇ 'ਸੱਚੇ ਪਾਤਸ਼ਾਹ'। ਅਕਾਲ ਤਖ਼ਤ ਤੋਂ 'ਸੱਚੇ ਪਾਤਸ਼ਾਹ' ਦੀ ਮੋਹਰ ਥੱਲੇ ਹੁਕਮਨਾਮੇ ਜਾਰੀ ਹੋਇਆ ਕਰਦੇ ਸਨ। ਸਿੱਖ ਘੋੜਿਆਂ 'ਤੇ ਚੜ੍ਹਦੇ, ਤਲਵਾਰਾਂ ਲਿਸ਼ਕਾਉਂਦੇ, ਤੀਰਾਂ ਦੇ ਨਿਸ਼ਾਨੇ ਸਿੱਖਦੇ ਤੇ ਜੰਗਲਾਂ ਵਿਚ ਸ਼ਾਹੀ ਹਾਕਮਾਂ ਵਾਂਗ ਸ਼ਿਕਾਰ ਖੇਡਦੇ ਸਨ। ਛੇਵੇਂ ਗੁਰੂ ਜੀ ਨੇ ਸਿੱਖਾਂ ਨੂੰ ਪੂਰੇ ਸਿਪਾਹੀ ਬਣਾ ਦਿੱਤਾ ਸੀ। ਰਾਜ ਕਰਮਚਾਰੀਆਂ ਨੇ ਸਿੱਖਾਂ ਦੀ ਫੌਜੀ ਤਾਕਤ ਨੂੰ ਦਬਾਉਣਾ ਚਾਹਿਆ ਤੇ ਗੱਲੇ-ਕੱਥੇ ਲੜਾਈ ਵਾਸਤੇ ਬਹਾਨੇ ਟੋਲ੍ਹਣ ਲੱਗੇ।

ਸੱਚੀ ਸਰਕਾਰ ਦੀ ਕਮਾਨ ਥੱਲੇ ਸਿੱਖ ਵੀ ਇਸ ਕੰਮ ਲਈ ਤਿਆਰ ਹੋ ਚੁੱਕੇ ਸਨ, ਸੋ 1628 ਤੋਂ 1634 ਈ: ਤੱਕ ਸ਼ਾਹੀ ਸੈਨਾ ਨਾਲ ਗੁਰੂ ਹਰਿਗੋਬਿੰਦ ਸਾਹਿਬ ਜੀ ਦੀਆਂ ਚਾਰ ਲੜਾਈਆਂ ਹੋਈਆਂ ਤੇ ਚੌਹਾਂ ਵਿਚ ਹੀ ਗੁਰੂ ਸਾਹਿਬ ਨੂੰ ਪੂਰੀ ਫਤਹਿ ਪ੍ਰਾਪਤ ਹੋਈ। ਸ਼ਾਹੀ ਸੈਨਾ ਬਹੁਤੀ, ਸਣੇ ਜਰਨੈਲਾਂ, ਮਾਰੀ ਜਾਂਦੀ ਰਹੀ ਤੇ ਰਹਿੰਦੀ ਨੱਸ ਜਾਂਦੀ ਰਹੀ।

ਔਰੰਗਜ਼ੇਬ ਦਾ ਸਮਾਂ ਆਇਆ ਤਾਂ ਮੁਗਲਾਂ ਦੀ ਧੱਕੇਸ਼ਾਹੀ ਹੱਦੋਂ ਵਧ ਗਈ। ਮੁਲਾਣਿਆਂ ਨੂੰ ਖੁਸ਼ ਕਰਨ ਬਦਲੇ ਉਸ ਨੇ ਹਿੰਦੂਆਂ ਤੇ ਸਿੱਖਾਂ ਉਤੇ ਜ਼ੁਲਮ ਕਰਨੇ ਸ਼ੁਰੂ ਕਰ ਦਿੱਤੇ, ਮੰਦਿਰ ਢਾਹੁਣੇ ਆਰੰਭ ਦਿੱਤੇ, ਪਾਠ-ਪੂਜਾ ਬੰਦ ਤੇ ਸ਼ਬਦ ਕੀਰਤਨ ਦੀ ਮਨਾਹੀ ਕਰ ਦਿੱਤੀ। ਇਸ ਜ਼ੁਲਮ ਦੇ ਹੜ੍ਹ ਨੂੰ ਰੋਕਣ ਵਾਸਤੇ ਗੁਰੂ ਤੇਗ ਬਹਾਦਰ ਜੀ ਨੇ ਆਪਣਾ-ਆਪ ਪੇਸ਼ ਕੀਤਾ ਜੋ ਔਰੰਗਜ਼ੇਬ ਦੇ ਹੁਕਮ ਨਾਲ 11 ਨਵੰਬਰ 1675 ਈ: (12 ਮੱਘਰ, ਮੱਘਰ ਸੁਦੀ 5, 1732 ਬਿ:) ਨੂੰ ਦਿੱਲੀ ਵਿਚ ਸ਼ਹੀਦ ਕਰ ਦਿੱਤੇ ਗਏ। ਗੁਰੂ ਸਾਹਿਬ ਦੀ ਸ਼ਹੀਦੀ ਨੇ ਦੇਸ਼ ਭਰ ਦੇ ਸਿੱਖਾਂ ਦੇ ਦਿਲਾਂ ਵਿਚ ਜੋਸ਼ ਤੇ ਗੁੱਸੇ ਦੀ ਅੱਗ ਬਾਲ ਦਿੱਤੀ। ਉਹ ਮਰਨ-ਮਾਰਨ ਦੀ ਧਾਰ ਕੇ ਛੇਵੇਂ ਪਾਤਸ਼ਾਹ ਦੇ ਸਮੇਂ ਦੀਆਂ ਜਿੱਤਾਂ ਨੂੰ ਯਾਦ ਕਰਦੇ ਹੋਏ ਦਸਵੇਂ ਗੁਰੂ ਦੇ ਝੰਡੇ ਹੇਠ 'ਕੱਠੇ ਹੋਣ ਲੱਗੇ। ਦਸਮੇਸ਼ ਜੀ ਨੇ ਵੀ ਸੋਚ ਲਿਆ ਕਿ ਹੁਣ ਤਲਵਾਰ ਉਠਾਏ ਬਿਨਾਂ ਨਿਭਾਉ ਔਖਾ ਹੈ। ਸੋ ਮਹਾਰਾਜ ਨੇ ਧੱਕੇਸ਼ਾਹੀ ਨਾਲ ਟੱਕਰ ਲੈਣ ਵਾਸਤੇ ਬੜੇ ਖੁੱਲ੍ਹੇ ਪੈਮਾਨੇ ਉਤੇ ਫੌਜੀ ਤਿਆਰੀਆਂ ਆਰੰਭ ਦਿੱਤੀਆਂ। ਪਹਾੜੀਏ ਹਿੰਦੂ ਰਾਜੇ ਬਦੋਬਦੀ ਸਿੱਖਾਂ ਦੇ ਰਾਹ ਵਿਚ ਆ ਅੜੇ, ਸੋ ਮਜਬੂਰਨ ਸਿੱਖਾਂ ਨੂੰ ਉਨ੍ਹਾਂ ਨਾਲ ਲੜਨਾ ਪਿਆ। ਕਦੇ ਲੜਾਈ, ਕਦੇ ਸੁਲ੍ਹਾ ਤੇ ਕਦੇ ਦੋਵਾਂ ਧਿਰਾਂ ਨੇ ਰਲ ਕੇ ਸ਼ਾਹੀ ਸੈਨਾ ਨਾਲ ਵੀ ਟੱਕਰ ਲਈ।

ਸਿੱਖ ਇਕ ਤਕੜੀ ਫੌਜੀ ਤਾਕਤ ਬਣ ਗਏ ਸਨ। ਹੁਣ ਮਹਾਰਾਜ ਨੇ ਉਨ੍ਹਾਂ ਦੀ ਪ੍ਰੀਖਿਆ ਕਰਨੀ ਚਾਹੀ। ਦੁਨੀਆ ਦੇ ਇਤਿਹਾਸ ਵਿਚ ਇਹ ਅਨੋਖੀ ਪ੍ਰੀਖਿਆ ਸੀ। ਭਰੇ ਦੀਵਾਨ ਅੰਦਰ, ਹੱਥ ਵਿਚ ਚਮਕਦੀ ਤਲਵਾਰ ਲੈ ਕੇ ਹਜ਼ੂਰ ਨੇ ਸਿਰ ਮੰਗੇ। ਸਿੱਖੀ ਇਮਤਿਹਾਨ ਵਿਚ ਪਾਸ ਹੋਈ, ਪੰਜਾਂ ਸਿੱਖਾਂ ਨੇ ਸੀਸ ਭੇਟਾ ਕੀਤੇ। ਇਸ ਤਰ੍ਹਾਂ ਗੁਰੂ ਨਾਨਕ ਦੇ ਚਲਾਏ ਹੋਏ ਪੰਥ ਨੂੰ ਦਸਵੇਂ ਗੁਰੂ ਨੇ ਪੂਰਨਤਾ ਬਖਸ਼ੀ। ਪੰਜਾਂ ਪਿਆਰਿਆਂ ਨੂੰ ਅੰਮ੍ਰਿਤ ਛਕਾਇਆ ਤੇ ਉਨ੍ਹਾਂ ਤੋਂ ਆਪ ਛਕਿਆ। ਉਨ੍ਹਾਂ ਨੂੰ 'ਸਿੰਘ' ਬਣਾਇਆ ਤੇ ਆਪ 'ਸਿੰਘ' ਬਣੇ। ਇਸੇ ਦਿਨ (ਵਿਸਾਖ 1, 1756 ਬਿ:-30 ਮਾਰਚ, 1699 ਈ:) ਹਜ਼ਾਰਾਂ ਸਿੱਖ ਅੰਮ੍ਰਿਤ ਛਕ ਕੇ ਸਿੰਘ ਬਣ ਗਏ। ਸ੍ਰੀ ਕੇਸਗੜ੍ਹ ਵਿਚ ਤਖ਼ਤ ਉਤੇ ਖਲੋ ਕੇ ਗੁਰੂ ਗੋਬਿੰਦ ਸਿੰਘ ਜੀ ਨੇ ਕਿਹਾ, 'ਮੇਰੇ ਰੂਪ, ਬਹਾਦਰ ਸਿੰਘੋ। ਹੁਣ ਅਸੀਂ 'ਵਾਹਿਗੁਰੂ ਜੀ ਕਾ ਖਾਲਸਾ' ਬਣੇ ਹਾਂ, ਤਾਂ 'ਵਾਹਿਗੁਰੂ ਜੀ ਕੀ ਫ਼ਤਹਿ' ਵੀ ਹੋਵੇਗੀ। ਇਹ ਅਕਾਲੀ ਪੰਥ ਸਾਜਣ ਵਾਸਤੇ ਹੀ ਅਕਾਲ ਪੁਰਖ ਨੇ ਮੈਨੂੰ ਭੇਜਿਆ ਸੀ। ਖਾਲਸਾ ਜੀ ! ਤੁਸੀਂ ਅੱਜ ਤੋਂ ਅਕਾਲ ਪੁਰਖ ਦੇ ਪੁੱਤਰ, ਵਾਹਿਗੁਰੂ ਦਾ ਰੂਪ, ਚੁਰਾਸੀ ਤੋਂ ਉੱਚੇ, ਜੰਮਣ-ਮਰਨ ਤੋਂ ਰਹਿਤ ਤੇ ਸਾਰੀ ਧਰਤੀ ਦੇ ਬਾਦਸ਼ਾਹ ਹੋ। ਤੁਹਾਡਾ ਜਨਮ ਖੰਡੇ ਦੀ ਧਾਰ ਵਿਚੋਂ ਹੋਇਆ ਹੈ, ਸੋ ਸ਼ਸਤਰ ਤੁਹਾਡੀ ਖੇਡ ਹੈ, ਲੜਨਾ ਤੁਹਾਡਾ ਕਰਮ ਹੈ ਤੇ ਧਰਮ ਦਾ ਰਾਜ ਕਰਨਾ ਤੁਹਾਡਾ ਹੱਕ ਹੈ। ਇਨਸਾਨ ਇਨਸਾਨ ਬਰਾਬਰ ਹੈ, ਜਾਤ-ਪਾਤ ਭਰਮ ਹੈ, ਊਚ-ਨੀਚ ਭੁਲੇਖਾ ਹੈ, ਦੁਨੀਆ ਚੁਰਾਸੀ ਦਾ ਗੇੜ ਹੈ ਤੇ ਖਾਲਸਾ ਸਭ ਤੋਂ ਉੱਚਾ ਹੈ। ਤੁਸੀਂ ਸਭ 'ਭਾਈ' ਹੋ।

ਗੁਰਮਤਾ ਤੁਹਾਡੇ ਵਾਸਤੇ ਅਕਾਲੀ ਹੁਕਮ ਹੈ। ਤੁਸੀਂ ਵਾਹਿਗੁਰੂ ਦੇ ਚੁਣੇ ਹੋਏ ਸੰਤ-ਸਿਪਾਹੀ ਹੋ ਤੇ ਆਉਣ ਵਾਲੇ ਸਮੇਂ ਲਈ ਤੁਸੀਂ ਦੇਸ਼ ਦੇ ਬਾਦਸ਼ਾਹ ਹੋ। ਮੈਂ ਡਾਢਿਆਂ ਦੇ ਹੰਕਾਰ ਤੋੜਾਂਗਾ ਤੇ ਗਰੀਬਾਂ ਨੂੰ ਦੇਸ਼ ਦੀ ਬਾਦਸ਼ਾਹੀ ਦਿਆਂਗਾ। ਦੇਸ਼ ਤੁਹਾਡਾ ਹੈ, ਤੁਸੀਂ ਹੀ ਦੇਸ਼ ਦੇ ਬਾਦਸ਼ਾਹ ਹੋ...।'

ਗੁਜਰਾਂਵਾਲਾ 'ਚ ਮੌਜੂਦ ਹੈ ਮਹਾਰਾਜਾ ਰਣਜੀਤ ਸਿੰਘ ਦੀ ਜੱਦੀ ਹਵੇਲੀ

ਹਵੇਲੀ ਦੀ ਦੇਖ-ਰੇਖ ਕਰਨ ਵਾਲੇ ਮੁਹੰਮਦ ਕਾਸਿਮ ਰਫ਼ੀਕ ਦੇ ਨਾਲ ਲੇਖਕ

ਮਹਾਰਾਜਾ ਦੀ ਗੁਜਰਾਂਵਾਲਾ ਵਾਲੀ ਜੱਦੀ ਹਵੇਲੀ ਦੇ ਕਮਰੇ ਦੇ ਬਾਹਰ ਲੱਗੀ ਸਿੱਲ੍ਹ

ਸਿੱਖ ਰਾਜ ਨਾਲ ਸੰਬੰਧਿਤ ਇਕ ਪ੍ਰਮੁੱਖ ਯਾਦਗਾਰ ਮਹਾਰਾਜਾ ਰਣਜੀਤ ਸਿੰਘ ਦੀ ਜੱਦੀ ਹਵੇਲੀ ਜਿਸ ਨੇ ਅੱਜ ਵੀ ਪਾਕਿਸਤਾਨ ਦੇ ਸ਼ਹਿਰ ਗੁਜਰਾਂਵਾਲਾ ਵਿਚ ਆਪਣੀ ਹੋਂਦ ਬਰਕਰਾਰ ਰੱਖੀ ਹੋਈ ਹੈ। ਗੁਜਰਾਂਵਾਲਾ ਦੀ ਮੱਛੀ ਮੰਡੀ ਦੇ ਨਾਲ ਲਗਦੀ ਪੁਰਾਣੀ ਸਬਜ਼ੀ ਮੰਡੀ ਦੇ ਬਿਲਕੁਲ ਮੱਥੇ 'ਤੇ ਮੌਜੂਦ ਇਸ ਹਵੇਲੀ ਨੂੰ ਹਾਲਾਂਕਿ ਪਾਕਿਸਤਾਨ ਸਰਕਾਰ ਦੇ ਆਰਕੀਲਾਜੀ ਵਿਭਾਗ ਨੇ ਆਪਣੇ ਅਧੀਨ ਕਰਕੇ ਸੁਰੱਖਿਅਤ ਇਮਾਰਤਾਂ ਦੀ ਸੂਚੀ 'ਚ ਸ਼ਾਮਿਲ ਕੀਤਾ ਹੋਇਆ ਹੈ ਪਰ ਪੂਰੀ ਤਰ੍ਹਾਂ ਨਾਲ ਸੰਭਾਲ ਨਾ ਹੋਣ ਕਰਕੇ ਇਹ ਆਪਣੀ ਖੂਬਸੂਰਤੀ ਤੋਂ ਮਹਿਰੂਮ ਹੁੰਦੀ ਜਾ ਰਹੀ ਹੈ।

ਕਿਸੇ ਦੀਵਾਨਖਾਨੇ ਵਾਂਗ ਦਿਖਾਈ ਦਿੰਦੀ ਇਸ ਦੋ ਮੰਜ਼ਿਲਾ ਹਵੇਲੀ ਵਿਚ ਬਹੁਤ ਸਾਰੇ ਕਮਰੇ ਬਣੇ ਹੋਏ ਹਨ। ਉਪਰਲੀ ਮੰਜ਼ਿਲ ਦੇ ਹੀ ਇਕ ਕਮਰੇ ਵਿਚ ਮਹਾਰਾਜਾ ਰਣਜੀਤ ਸਿੰਘ ਦਾ ਜਨਮ ਹੋਣਾ ਮੰਨਿਆ ਜਾਂਦਾ ਹੈ। ਇਸ ਕਮਰੇ ਦੇ ਬਾਹਰ ਮੱਥੇ 'ਤੇ ਇਕ ਪੱਥਰ ਦੀ ਸਿਲ੍ਹ ਲੱਗੀ ਹੋਈ ਹੈ, ਜਿਸ ਉੱਪਰ ਅੰਗਰੇਜ਼ੀ ਤੇ ਉਰਦੂ ਵਿਚ ਉਕਰਿਆ ਹੋਇਆ ਹੈ-'ਮਹਾਰਾਜਾ ਰਣਜੀਤ ਸਿੰਘ-ਜਨਮ 2 ਨਵੰਬਰ 1780'।

ਡਿਸਟ੍ਰਿਕਟ ਗਜ਼ਟੀਅਰ ਗੁਜਰਾਂਵਾਲਾ ਦੀ ਦੂਜੀ ਐਡੀਸ਼ਨ, ਜੋ 10 ਮਾਰਚ 1895 ਨੂੰ ਗੁਜਰਾਂਵਾਲਾ ਦੇ ਡਿਪਟੀ ਕਮਿਸ਼ਨਰ ਮਾਈਕਲ ਐਫ. ਉਡਵਾਇਰ (ਬਾਅਦ ਵਿਚ ਲੈਫਟੀਨੈਂਟ ਗਵਰਨਰ ਪੰਜਾਬ ਬਣਿਆ) ਨੇ ਪ੍ਰਕਾਸ਼ਿਤ ਕਰਵਾਈ ਦੇ ਸਫਾ 16 'ਤੇ ਲਿਖਿਆ ਹੈ-'ਸੰਨ 1891 'ਚ ਗੁਜਰਾਂਵਾਲਾ ਦੇ ਡਿਪਟੀ ਕਮਿਸ਼ਨਰ ਮਿ: ਡੀ. ਸੀ. ਜੇ. ਐਬਟਸਨ ਨੇ ਗੁਜਰਾਂਵਾਲਾ ਦੇ ਇਕ ਨਾਮੀ ਸਰਦਾਰ ਪਾਸੋਂ ਮਹਾਰਾਜਾ ਰਣਜੀਤ ਸਿੰਘ ਦੀ ਜੱਦੀ ਹਵੇਲੀ ਜਿਸ ਵਿਚ ਮਹਾਰਾਜਾ ਅਤੇ ਉਨ੍ਹਾਂ ਦੇ ਪਿਤਾ ਸ: ਮਹਾਂ ਸਿੰਘ ਦਾ ਜਨਮ ਹੋਇਆ ਸੀ, ਦੇ ਬਾਹਰ ਮਹਾਰਾਜਾ ਦੇ ਜਨਮ ਸਬੰਧੀ ਇਕ ਪੱਥਰ ਦੀ ਸਿਲ੍ਹ ਲਗਵਾ ਦਿੱਤੀ। ਇਹ ਵਿਸ਼ੇਸ਼ ਤੌਰ 'ਤੇ ਉਸ ਕਮਰੇ ਦੇ ਬਾਹਰ ਲਗਾਈ ਗਈ, ਜਿਥੇ ਰਣਜੀਤ ਸਿੰਘ ਦਾ ਜਨਮ ਹੋਇਆ ਸੀ।

ਖਾਲਸਾ ਰਾਜ ਦੀ ਸਮਾਪਤੀ ਤੋਂ ਬਾਅਦ ਬ੍ਰਿਟਿਸ਼ ਇਸ ਹਵੇਲੀ ਨੂੰ ਪੁਲਿਸ ਥਾਣੇ ਵਜੋਂ ਇਸਤੇਮਾਲ ਕਰਦੇ ਰਹੇ। ਦੇਸ਼ ਦੀ ਵੰਡ ਤੋਂ ਬਾਅਦ ਇਹ ਹਵੇਲੀ ਭਾਰਤ ਤੋਂ ਗਏ ਕੁਝ ਮੁਸਲਮਾਨ ਸ਼ਰਨਾਰਥੀ ਪਰਿਵਾਰਾਂ ਨੂੰ ਮਿਲ ਗਈ। ਬਾਅਦ ਵਿਚ ਕੁਝ ਵਰ੍ਹੇ ਪਹਿਲਾਂ ਹੀ ਆਰਕੀਲਾਜੀ ਵਿਭਾਗ ਪਾਕਿਸਤਾਨ ਨੇ ਉਨ੍ਹਾਂ ਪਾਸੋਂ ਹਵੇਲੀ ਨੂੰ ਖਾਲੀ ਕਰਵਾ ਲਿਆ। ਵਿਭਾਗ ਦੇ ਅਧਿਕਾਰੀ ਸਾਲ ਵਿਚ ਇਕ-ਦੋ ਵਾਰ ਹੀ ਇਥੇ ਆਉਂਦੇ ਹਨ। ਇਸ ਲਈ ਇਸ ਹਵੇਲੀ ਦੇ ਰੱਖ-ਰਖਾਵ ਵੱਲ ਇਸ ਦੇ ਨਾਲ ਲਗਦੇ ਘਰ ਦੇ ਚੌਧਰੀ ਰਫ਼ੀਕ ਮੁਹੰਮਦ 'ਅੰਮ੍ਰਿਤਸਰੀ' ਦੇ ਸਪੁੱਤਰ ਮੁਹੰਮਦ ਕਾਸਿਮ ਰਫ਼ੀਕ ਤੇ ਇਕ ਹੋਰ ਸੱਜਣ ਸਫ਼ੀਰ ਭੱਟ ਹੀ ਜ਼ਿਆਦਾ ਤਵੱਜੋਂ ਦੇ ਰਹੇ ਹਨ।

ਪਿਛਲੀ ਵਾਰ ਜਦੋਂ ਪਾਕਿਸਤਾਨ ਯਾਤਰਾ 'ਤੇ ਗਿਆ ਤਾਂ ਮੈਨੂੰ ਦੋ ਦਿਨ ਇਸ ਹਵੇਲੀ ਵਿਚ ਰਹਿਣ ਦਾ ਮੌਕਾ ਮਿਲਿਆ। ਚੌਧਰੀ ਰਫ਼ੀਕ ਕਿਉਂਕਿ ਅੰਮ੍ਰਿਤਸਰ ਦੇ ਹੁਸੈਨਪੁਰਾ ਇਲਾਕੇ ਤੋਂ ਹੀ ਗਏ ਸਨ, ਇਸ ਲਈ ਉਨ੍ਹਾਂ ਨੂੰ ਜਦੋਂ ਪਤਾ ਲੱਗਾ ਕਿ ਮੈਂ ਵੀ ਅੰਮ੍ਰਿਤਸਰੀ ਹਾਂ ਤਾਂ ਉਨ੍ਹਾਂ ਚੰਗੀ ਖਾਤਰਦਾਰੀ ਕੀਤੀ। ਉਨ੍ਹਾਂ ਮੈਨੂੰ ਹਵੇਲੀ ਦੇ ਸਾਹਮਣੇ ਦੋ ਵੱਡੇ ਖੂਹ ਵੀ ਵਿਖਾਏ ਜੋ ਕਦੇ ਸ: ਮਹਾਂ ਸਿੰਘ ਵੱਲੋਂ

ਸਵੱਛ ਵਾਰਡ, ਸਵੱਛ ਚੰਡੀਗੜ੍ਹ: ਰਾਜਪਾਲ ਕਟਾਰੀਆ ਨੇ 'ਸਵੱਛ ਵਾਰਡ ਰੈਂਕਿੰਗ 2026' ਦੀ ਸ਼ੁਰੂਆਤ ਕੀਤੀ

ਚੰਡੀਗੜ੍ਹ, 9 ਸਤੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਦੇ ਰਾਜਪਾਲ ਅਤੇ ਯੂਟੀ ਚੰਡੀਗੜ੍ਹ ਦੇ ਪ੍ਰਸ਼ਾਸਕ, ਸ਼੍ਰੀ ਗੁਲਾਬ ਚੰਦ ਕਟਾਰੀਆ ਨੇ ਅੱਜ ਨਗਰ ਨਿਗਮ ਚੰਡੀਗੜ੍ਹ ਦੀ ÷ਸਵੱਛ ਵਾਰਡ ਰੈਂਕਿੰਗ 2026÷ ਪਹਿਲ ਦੀ ਸ਼ੁਰੂਆਤ ਕੀਤੀ। ਉਨ੍ਹਾਂ ਨੇ ਸਵੱਛਤਾ ਨੂੰ ਇੱਕ ਸਥਾਈ ਜਨ ਅੰਦੋਲਨ ਬਣਾਉਣ ਲਈ ਨਾਗਰਿਕਾਂ, ਜਨ ਪ੍ਰਤੀਨਿਧੀਆਂ, ਅਧਿਕਾਰੀਆਂ, ਸਫ਼ਾਈ ਕਰਮਚਾਰੀਆਂ, ਆਰਡਬਲਿਊਏਜ਼, ਮਾਰਕਿਟ ਐਸੋਸੀਏਸ਼ਨਾਂ, ਵਿੱਦਿਅਕ ਸੰਸਥਾਵਾਂ ਅਤੇ ਹੋਰ ਹਿਤਧਾਰਕਾਂ ਨੂੰ ਮਿਲ ਕੇ ਪ੍ਰਯਾਸ ਕਰਨ ਦਾ ਸੱਦਾ ਦਿੱਤਾ।

ਇਕੱਠ ਨੂੰ ਸੰਬੋਧਨ ਕਰਦੇ ਹੋਏ ਸ਼੍ਰੀ ਗੁਲਾਬ ਚੰਦ ਕਟਾਰੀਆ ਨੇ ਕਿਹਾ ਕਿ ਸਵੱਛ ਵਾਰਡ ਰੈਂਕਿੰਗ 2026 ਕੇਵਲ ਵਾਰਡਾਂ ਵਿੱਚ ਇੱਕ ਮੁਕਾਬਲਾ ਨਹੀਂ ਹੈ, ਬਲਕਿ ਚੰਡੀਗੜ੍ਹ ਵਿੱਚ ਜਵਾਬਦੇਹੀ, ਜਨਭਾਗੀਦਾਰੀ, ਤੰਦਰੁਸਤ ਮੁਕਾਬਲੇ ਅਤੇ ਵਿਗਿਆਨਿਕ ਕਚਰਾ ਪ੍ਰਬੰਧਨ ਦੀ ਇੱਕ ਨਵੀਂ ਸੰਸਕ੍ਰਿਤੀ ਵਿਕਸਿਤ ਕਰਨ ਦੀ ਇੱਕ ਪਹਿਲ ਹੈ। ਉਨ੍ਹਾਂ ਨੇ ਕਿਹਾ ਕਿ ÷ਸਿਟੀ ਬਿਊਟੀਫੁੱਲ÷ ਦੀ ਪਹਿਚਾਣ ਕੇਵਲ ਇਸ ਦੀ ਵਾਸਤੂਕਲਾ, ਹਰਿਆਲੀ, ਚੌੜੀਆਂ ਸੜਕਾਂ ਅਤੇ ਸੁਨਿਯੋਜਿਤ ਸੈਕਟਰਾਂ ਨਾਲ ਹੀ ਨਹੀਂ, ਬਲਕਿ ਉਤਨੀ ਹੀ ਸਵੱਛਤਾ, ਨਾਗਰਿਕ ਅਨੁਸ਼ਾਸਨ ਅਤੇ ਜਨਤਕ ਥਾਵਾਂ ਪ੍ਰਤੀ ਜ਼ਿੰਮੇਦਾਰ ਵਿਵਹਾਰ ਨਾਲ ਵੀ ਹੈ। ਉਨ੍ਹਾਂ ਨੇ ਜ਼ੋਰ ਦੇ ਕੇ ਕਿਹਾ ਕਿ ਚੰਡੀਗੜ੍ਹ ਦੀ ਸੁੰਦਰਤਾ ਇੱਕ ਵਿਰਾਸਤ ਹੈ, ਅਤੇ ਇਸ ਨੂੰ ਸੰਵਾਰਨਾ ਅਤੇ ਅੱਗੇ ਵਧਾਉਣਾ ਵਰਤਮਾਨ ਪੀੜ੍ਹੀ ਦੀ ਜ਼ਿੰਮੇਦਾਰੀ ਹੈ।

ਰਾਜਪਾਲ ਨੇ ਕਿਹਾ ਕਿ ਕੋਈ ਵੀ ਸ਼ਹਿਰ ਆਪਣੇ ਆਪ ਸਾਫ਼ ਨਹੀਂ ਹੁੰਦਾ; ਅਤੇ ਲਗਾਤਾਰ ਸਾਫ਼-ਸਫ਼ਾਈ ਬਣਾਈ ਰੱਖਣ ਲਈ ਨਗਰ ਨਿਗਮ, ਸਫ਼ਾਈ ਕਰਮਚਾਰੀਆਂ ਅਤੇ ਨਾਗਰਿਕਾਂ ਦੇ ਸਾਂਝੇ ਪ੍ਰਯਾਸ ਜ਼ਰੂਰੀ ਹਨ। ਉਨ੍ਹਾਂ ਨੇ ਸ਼ਹਿਰ ਵਾਸੀਆਂ ਨੂੰ ਅਪੀਲ ਕੀਤੀ ਕਿ ਉਹ ਘਰ 'ਤੇ ਹੀ ਸੁੱਕਾ ਅਤੇ ਗਿੱਲਾ ਕਚਰਾ ਅਲੱਗ ਕਰਨ (ਸੋਰਸ ਸੈਗ੍ਰੀਗੇਸ਼ਨ), ਜ਼ਿੰਮੇਦਾਰੀ ਨਾਲ ਕਚਰਾ ਸੁੱਟਣ ਅਤੇ ਜਨਤਕ

ਥਾਵਾਂ ਨੂੰ ਸਾਫ਼ ਰੱਖਣ ਨੂੰ ਆਪਣੀ ਰੋਜ਼ਮੱਰਾ ਦੀ ਆਦਤ ਬਣਾਉਣ।

ਮਹਾਤਮਾ ਗਾਂਧੀ ਦੇ ਵਿਚਾਰਾਂ ਦਾ ਉਲੇਖ ਕਰਦੇ ਹੋਏ ਉਨ੍ਹਾਂ ਨੇ ਕਿਹਾ ਕਿ ਸਵੱਛਤਾ ਨੂੰ ਸਿਰਫ਼ ਇੱਕ ਸਰਕਾਰੀ ਪ੍ਰੋਗਰਾਮ ਬਣ ਕੇ ਨਹੀਂ ਰਹਿਣਾ ਚਾਹੀਦਾ, ਬਲਕਿ ਇਸ ਨੂੰ ਨਿਜੀ ਸੰਸਕਾਰ ਅਤੇ ਸਮਾਜਿਕ ਆਦਤ ਬਣਨਾ ਹੋਵੇਗਾ। ਉਨ੍ਹਾਂ ਨੇ ਕਚਰਾ ਘੱਟ ਕਰਨ (ਰਿਡਿਊਸ), ਦੁਬਾਰਾ ਉਪਯੋਗ ਕਰਨ (ਰੀਯੂਜ਼) ਅਤੇ ਰੀਸਾਇਕਲ ਕਰਨ ਦੇ ਸਿਧਾਂਤਾਂ ਨੂੰ ਬੜੇ ਪੈਮਾਨੇ 'ਤੇ ਅਪਣਾਉਣ, ਖਾਦ ਬਣਾਉਣ, 'ਕਚਰੇ ਸੇ ਕੰਚਨ' (ਵੇਸਟ ਟੂ ਵੈਲਥ) ਐਂਡ ਸਰਕੂਲਰ ਇਕੌਨੋਮੀ ਦੀ ਸੋਚ ਨੂੰ ਹੁਲਾਰਾ ਦੇਣ ਦੀ ਗੱਲ ਵੀ ਕਹੀ, ਤਾਕਿ ਡੰਪਿੰਗ ਗਰਾਊਂਡ ਤੱਕ ਘੱਟ ਤੋਂ ਘੱਟ ਕਚਰਾ ਪਹੁੰਚੇ। ਸ਼੍ਰੀ ਕਟਾਰੀਆ ਨੇ ਦੱਸਿਆ ਕਿ 'ਸਵੱਛ ਵਾਰਡ ਰੈਂਕਿੰਗ' ਸਵੱਛਤਾ ਦੇ ਮੁੱਲਾਂਕਣ ਨੂੰ ਸਿੱਧੇ ਵਾਰਡ, ਮੁਹੱਲੇ, ਬਜ਼ਾਰ, ਪਾਰਕ, ਗਲੀ ਅਤੇ ਘਰ ਦੇ ਪੱਧਰ ਤੱਕ ਲੈ ਜਾਵੇਗੀ। ਉਨ੍ਹਾਂ ਨੇ ਇਸ ਦੇ ਪਾਰਦਰਸ਼ੀ ਅਤੇ ਨਿਰਪੱਖ ਮੁੱਲਾਂਕਣ ਢਾਂਚੇ ਦੀ ਸ਼ਲਾਘਾ ਕੀਤੀ, ਜਿਸ ਵਿੱਚ ਘਰ-ਘਰ ਤੋਂ ਕਚਰਾ ਉਠਾਉਣਾ, ਕਚਰੇ ਦਾ ਅਲੱਗ-ਅਲੱਗ ਕੀਤਾ ਜਾਣਾ, ਜਨਤਕ ਸਥਾਨਾਂ ਦੀ ਸਫ਼ਾਈ, ਬੜੇ ਪੈਮਾਨੇ 'ਤੇ ਕਚਰਾ ਪੈਦਾ ਕਰਨ ਵਾਲਿਆਂ ਦਾ ਪ੍ਰਬੰਧਨ, ਸਿੰਗਲ-ਯੂਜ਼ ਪਲਾਸਟਿਕ 'ਤੇ ਰੋਕ, ਜਨਤਕ ਪਖਾਨੇ, ਜ਼ੀਰੋ-ਵੇਸਟ ਪਹਿਲ, ਵਿਗਿਆਨਿਕ ਕਚਰਾ ਪ੍ਰਬੰਧਨ ਅਤੇ ਜਨਭਾਗੀਦਾਰੀ ਸ਼ਾਮਲ ਹੈ। ਉਨ੍ਹਾਂ ਨੇ ਕਿਹਾ ਕਿ ਰੈਂਕਿੰਗ ਵਿੱਚ ਕਚਰਾ ਪੈਦਾ ਹੋਣ ਤੋਂ ਲੈਕੇ ਉਸ ਦੇ ਉਠਾਉਣ, ਛੰਟਾਈ, ਢੁਆਈ, ਰੀਸਾਇਕਲਿੰਗ ਅਤੇ ਅੰਤਿਮ ਨਿਪਟਾਰੇ ਤੱਕ ਦੀ ਪੂਰੀ ਪ੍ਰਕਿਰਿਆ ਦਾ ਮੁੱਲਾਂਕਣ ਹੋਣਾ ਚਾਹੀਦਾ ਹੈ, ਅਤੇ ਇਹ ਸਿਰਫ਼ ਕਾਗਜ਼ਾਂ ਜਾਂ ਤਸਵੀਰਾਂ ਤੱਕ ਸੀਮਿਤ ਨਾ ਰਹਿ ਕੇ ਜ਼ਮੀਨੀ ਨਤੀਜਿਆਂ 'ਤੇ ਅਧਾਰਿਤ ਹੋਣਾ ਚਾਹੀਦਾ ਹੈ। ਉਨ੍ਹਾਂ ਨੇ ਨਗਰ ਨਿਗਮ ਚੰਡੀਗੜ੍ਹ ਨੂੰ ਨਿਰਦੇਸ਼ ਦਿੱਤੇ ਕਿ ਜੇਕਰ ਸੰਭਵ ਨਾ ਹੋਵੇ ਤਾਂ ਸਵੱਛ ਵਾਰਡ ਰੈਂਕਿੰਗ ਨੂੰ ਹਰ ਮਹੀਨੇ ਕਰਵਾਉਣ ਲਈ ਸਾਲ ਵਿੱਚ ਦੋ ਵਾਰ ਕਰਨ ਦੀਆਂ ਸੰਭਾਵਨਾਵਾਂ ਤਲਾਸ਼ੀਆਂ ਜਾਣ। ਰਾਜਪਾਲ ਨੇ ਕੌਂਸਲਰਾਂ ਨੂੰ ਅਪੀਲ ਕੀਤੀ ਕਿ ਉਹ ਆਪਣੇ-ਆਪਣੇ ਵਾਰਡਾਂ ਵਿੱਚ ਇਸ ਮੁਹਿੰਮ ਦੀ ÷ਮੁੱਖ ਧੁਰੀ÷ ਬਣਨ ਅਤੇ ਅਧਿਕਾਰੀਆਂ, ਸਫ਼ਾਈ ਕਰਮਚਾਰੀਆਂ, ਆਰਡਬਲਿਊਏਜ਼, ਮਾਰਕਿਟ ਐਸੋਸੀਏਸ਼ਨਾਂ, ਸਕੂਲਾਂ, ਯੁਵਾ ਸੰਗਠਨਾਂ ਅਤੇ ਨਾਗਰਿਕਾਂ ਨੂੰ ਇਕੱਠੇ ਕਰਨ। ਉਨ੍ਹਾਂ ਨੇ ਸਕੂਲਾਂ ਅਤੇ ਕਾਲਜਾਂ ਨੂੰ ਵਿਦਿਆਰਥੀਆਂ ਨੂੰ ÷ਸਵੱਛਤਾ ਐਂਬੈਸਡਰ÷ ਬਣਾਉਣ ਦਾ ਸੱਦਾ ਵੀ ਦਿੱਤਾ ਜੋ ਸਹੀ ਕਚਰਾ ਪ੍ਰਬੰਧਨ ਦਾ ਸੰਦੇਸ਼ ਆਪਣੇ ਘਰਾਂ ਅਤੇ ਭਾਈਚਾਰਿਆਂ ਤੱਕ ਪਹੁੰਚਾ ਸਕਣ। ਸਫ਼ਾਈ ਕਰਮਚਾਰੀਆਂ ਦੀ ਭੂਮਿਕਾ ਦੀ ਸ਼ਲਾਘਾ ਕਰਦੇ ਹੋਏ ਉਨ੍ਹਾਂ ਨੇ ਕਿਹਾ ਕਿ ਉਨ੍ਹਾਂ ਦੀ ਇੱਜ਼ਤ, ਸੁਰੱਖਿਆ, ਟ੍ਰੇਨਿੰਗ, ਸੁਰੱਖਿਆ ਉਪਕਰਣ ਅਤੇ ਸਿਹਤ ਸੁਰੱਖਿਆ ਨੂੰ ਹਰ ਹਾਲ ਵਿੱਚ ਸੁਨਿਸ਼ਚਿਤ ਕੀਤਾ ਜਾਣਾ ਚਾਹੀਦਾ ਹੈ, ਨਾਲ ਹੀ ਜੋਖਮ ਭਰੇ ਸਫ਼ਾਈ ਕਾਰਜਾਂ ਲਈ ਮਸ਼ੀਨਾਂ ਅਤੇ ਆਧੁਨਿਕ ਤਕਨੀਕ ਦਾ ਇਸਤੇਮਾਲ ਵਧਣਾ ਚਾਹੀਦਾ ਹੈ।

ਜਨ ਸਿਹਤ ਦੇ ਮਹੱਤਵ 'ਤੇ ਗੱਲ ਕਰਦੇ ਹੋਏ ਸ਼੍ਰੀ ਕਟਾਰੀਆ ਨੇ ਕਿਹਾ ਕਿ ਸਵੱਛਤਾ, ਵਾਤਾਵਰਣ ਅਤੇ ਸਿਹਤ ਇੱਕ-ਦੂਸਰੇ ਨਾਲ ਜੁੜੇ ਹਨ। ਉਨ੍ਹਾਂ ਨੇ ਸਾਫ਼-ਸੁਥਰੇ ਅਤੇ ਸੁਲਭ ਜਨਤਕ ਪਖਾਨਿਆਂ, ਜ਼ੀਰੋ-ਵੇਸਟ ਸਮਾਗਮਾਂ, ਭੋਜਨ ਦੀ ਬਰਬਾਦੀ ਰੋਕਣ ਅਤੇ ਬਜ਼ਾਰਾਂ, ਸੰਸਥਾਵਾਂ, ਰਿਹਾਇਸ਼ੀ ਸਮੂਹਾਂ, ਹੋਟਲਾਂ, ਰੈਸਟੋਰੈਂਟਾਂ ਅਤੇ ਹੋਰ ਥੋਕ ਕਚਰਾ ਪੈਦਾ ਕਰਨ ਵਾਲਿਆਂ ਨੂੰ ਅਧਿਕ ਜ਼ਿੰਮੇਦਾਰੀ ਨਿਭਾਉਣ ਦਾ ਸੱਦਾ ਦਿੱਤਾ। ਉਨ੍ਹਾਂ ਨੇ ਕਿਹਾ ਕਿ ਇੱਕ ਸਾਫ਼ ਵਾਰਡ ਦਾ ਅਸਲੀ ਪੁਰਸਕਾਰ ਸਿਰਫ਼ ਕੋਈ ਰੈਂਕਿੰਗ ਜਾਂ ਇਨਾਮ ਨਹੀਂ ਹੈ, ਬਲਕਿ ਸਾਫ਼ ਸੜਕਾਂ, ਖੂਬਸੂਰਤ ਪਾਰਕ, ਸਵੱਛ ਬਜ਼ਾਰ, ਬਿਹਤਰ ਵਾਤਾਵਰਣ ਅਤੇ ਐਸਾ ਵਾਰਡ ਹੈ ਜਿਸ 'ਤੇ ਹਰ ਨਾਗਰਿਕ ਮਾਣ ਕਰ ਸਕੇ।

ਰਾਜਪਾਲ ਨੇ ਬਿਹਤਰੀਨ ਪ੍ਰਦਰਸ਼ਨ ਕਰਨ ਵਾਲੇ 'ਪਲੈਟੀਨਮ ਵਾਰਡਾਂ' ਲਈ ਪ੍ਰਸਤਾਵਿਤ ਪ੍ਰੋਤਸਾਹਨ ਰਾਸ਼ੀ ਦੀ ਵੀ ਸ਼ਲਾਘਾ ਕੀਤੀ, ਜਿਸ ਦੇ ਤਹਿਤ ਪਹਿਲੇ, ਦੂਸਰੇ ਅਤੇ ਤੀਸਰੇ ਸਥਾਨ 'ਤੇ ਆਉਣ ਵਾਲੇ ਵਾਰਡਾਂ ਨੂੰ ਕ੍ਰਮਵਾਰ 50 ਲੱਖ, ?30 ਲੱਖ ਅਤੇ 20 ਲੱਖ ਦੀਆਂ ਪ੍ਰਸਤਾਵਿਤ ਵਿਕਾਸ ਗ੍ਰਾਂਟਾਂ ਦਿੱਤੀਆਂ ਜਾਣਗੀਆਂ। ਉਨ੍ਹਾਂ ਨੇ ਕਿਹਾ ਕਿ ਇਸ ਨਾਲ ਵਾਰਡਾਂ ਵਿੱਚ ਤੰਦਰੁਸਤ ਮੁਕਾਬਲਾ ਵਧੇਗਾ ਅਤੇ ਚੰਗੇ ਕਾਰਜਾਂ ਨੂੰ ਹੋਰ ਵਾਰਡਾਂ ਵਿੱਚ ਵੀ ਲਾਗੂ ਕੀਤਾ ਜਾ ਸਕੇਗਾ।

ਸ਼ਹਿਰ ਦੇ ਮੇਅਰ ਸ਼੍ਰੀ ਸੌਰਭ ਜੋਸ਼ੀ ਨੇ ਕਿਹਾ ਕਿ 'ਸਵੱਛ ਵਾਰਡ ਰੈਂਕਿੰਗ 2026' ਦੀ ਸ਼ੁਰੂਆਤ ਸਵੱਛਤਾ ਨੂੰ ਵਾਰਡ ਪੱਧਰ 'ਤੇ ਜਨ-ਅੰਦੋਲਨ ਬਣਾਉਣ ਦੀ ਦਿਸ਼ਾ ਵਿੱਚ ਇੱਕ ਅਹਿਮ ਕਦਮ ਹੈ। ਉਨ੍ਹਾਂ ਨੇ ਕਿਹਾ ਕਿ ਹਰ ਵਾਰਡ ਦੀਆਂ ਆਪਣੀਆਂ ਚੁਣੌਤੀਆਂ ਹੁੰਦੀਆਂ ਹਨ ਅਤੇ ਨਵੀਂ ਰੈਂਕਿੰਗ ਪ੍ਰਣਾਲੀ ਕੌਂਸਲਰਾਂ, ਨਿਵਾਸੀਆਂ, ਆਰਡਬਲਿਊਏਜ਼, ਮਾਰਕਿਟ ਐਸੋਸੀਏਸ਼ਨਾਂ ਅਤੇ ਸਥਾਨਕ ਹਿਤਧਾਰਕਾਂ ਨੂੰ ਸਮੱਸਿਆਵਾਂ ਦੀ ਪਹਿਚਾਣ ਕਰਨ ਅਤੇ ਵਿਵਹਾਰਿਕ ਸਮਾਧਾਨ ਲਾਗੂ ਕਰਨ ਲਈ ਇਕੱਠੇ ਕੰਮ ਕਰਨ ਲਈ ਪ੍ਰੇਰਿਤ ਕਰੇਗੀ। ਉਨ੍ਹਾਂ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਆਪਣੀਆਂ ਗਲੀਆਂ, ਪਾਰਕਾਂ, ਬਜ਼ਾਰਾਂ ਅਤੇ ਜਨਤਕ ਥਾਵਾਂ ਨੂੰ ਆਪਣੇ ਘਰਾਂ ਦੀ ਤਰ੍ਹਾਂ ਹੀ ਸਮਝਣ ਅਤੇ ਸਵੱਛਤਾ ਨੂੰ ਆਤਮਸਨਮਾਨ ਦਾ ਵਿਸ਼ਾ ਬਣਾਉਣ।

ਉਨ੍ਹਾਂ ਨੇ ਦੱਸਿਆ ਕਿ ਇੱਕ ਮਹੀਨੇ ਦਾ ਮੁਕਾਬਲਾ ਅੱਜ ਤੋਂ ਸ਼ੁਰੂ ਹੋਇਆ ਹੈ ਅਤੇ 2 ਅਕਤੂਬਰ, 2026 ਨੂੰ ਜੇਤੂਆਂ ਦੇ ਐਲਾਨ ਅਤੇ ਪੁਰਸਕਾਰ ਵੰਡ ਸਮਾਰੋਹ ਨਾਲ ਸੰਪੰਨ ਹੋਵੇਗਾ।

ਮੇਅਰ ਨੇ ਕਿਹਾ ਕਿ ਚੰਡੀਗੜ੍ਹ ਆਪਣੇ ਯੋਜਨਾਬੱਧ ਵਿਕਾਸ, ਹਰਿਆਲੀ ਅਤੇ ਨਾਗਰਿਕ ਬੁਨਿਆਦੀ ਢਾਂਚੇ ਲਈ ਜਾਣਿਆ ਜਾਂਦਾ ਹੈ, ਅਤੇ ਹੁਣ ਸਮੂਹਿਕ ਜ਼ਿੰਮੇਦਾਰੀ ਵਿਗਿਆਨਿਕ ਕਚਰਾ ਪ੍ਰਬੰਧਨ ਅਤੇ ਸਰਗਰਮ ਜਨਭਾਗੀਦਾਰੀ ਦੇ ਜ਼ਰੀਏ ਇਸ ਪਹਿਚਾਣ ਨੂੰ ਹੋਰ ਮਜ਼ਬੂਤ ਕੀਤਾ ਜਾਵੇ। ਉਨ੍ਹਾਂ ਨੇ ਪਾਰਦਰਸ਼ੀ ਅਤੇ ਨਤੀਜਾ-ਮੁਖੀ ਰੈਂਕਿੰਗ ਤੰਤਰ ਪੇਸ਼ ਕਰਨ ਵਿੱਚ ਨਗਰ ਨਿਗਮ ਦੇ ਪ੍ਰਯਾਸਾਂ ਦੀ ਸ਼ਲਾਘਾ ਕੀਤੀ ਅਤੇ ਕਿਹਾ ਕਿ ਇਸ ਪਹਿਲ ਦੀ ਸਫ਼ਲਤਾ ਅੰਤ ਵਿੱਚ ਹਰ ਨਾਗਰਿਕ ਦੀ ਸਰਗਰਮ ਭਾਗੀਦਾਰੀ 'ਤੇ ਨਿਰਭਰ ਕਰੇਗੀ। ਉਨ੍ਹਾਂ ਨੇ ਸਾਰੇ ਕੌਂਸਲਰਾਂ ਨੂੰ ਆਪਣੇ-ਆਪਣੇ ਵਾਰਡਾਂ ਵਿੱਚ ਸਫ਼ਾਈ ਯਤਨਾਂ ਦੀ ਅਗਵਾਈ ਕਰਨ ਅਤੇ ਸਫ਼ਾਈ ਕਰਮਚਾਰੀਆਂ ਅਤੇ ਭਾਈਚਾਰਕ ਸੰਗਠਨਾਂ ਨਾਲ ਮਿਲ ਕੇ ਕੰਮ ਕਰਨ ਦਾ ਸੱਦਾ ਦਿੱਤਾ।

ਨਗਰ ਨਿਗਮ ਚੰਡੀਗੜ੍ਹ ਦੇ ਕਮਿਸ਼ਨਰ ਸ਼੍ਰੀ ਅਮਿਤ ਕੁਮਾਰ, ਆਈਏਐੱਸ ਨੇ ਮੁੱਖ ਮਹਿਮਾਨ ਸ਼੍ਰੀ ਗੁਲਾਬ ਚੰਦ ਕਟਾਰੀਆ ਅਤੇ ਹੋਰ ਪਤਵੰਤਿਆਂ ਦਾ ਸੁਆਗਤ ਕਰਦੇ ਹੋਏ ਕਿਹਾ ਕਿ ਨਗਰ ਨਿਗਮ ਸਵੱਛਤਾ ਨੂੰ ਮਾਪਣਯੋਗ, ਪਾਰਦਰਸ਼ੀ, ਸਹਿਭਾਗੀ ਅਤੇ ਪਰਿਣਾਮ-ਅਧਾਰਿਤ ਬਣਾਉਣ ਲਈ ਪੂਰੀ ਤਰ੍ਹਾਂ ਪ੍ਰਤੀਬੱਧ ਹੈ। 'ਸਵੱਛ ਵਾਰਡ ਰੈਂਕਿੰਗ 2026' ਬਾਰੇ ਵਿਸਤਾਰ ਨਾਲ ਦੱਸਦੇ ਹੋਏ ਉਨ੍ਹਾਂ ਨੇ ਕਿਹਾ ਕਿ ਸਾਰੇ ਵਾਰਡਾਂ ਦਾ ਮੁੱਲਾਂਕਣ 1,000 ਅੰਕਾਂ ਅਤੇ 55 ਮਾਪਦੰਡਾਂ ਦੇ ਇੱਕ ਤੈਅ ਢਾਂਚੇ ਦੁਆਰਾ ਕੀਤਾ ਜਾਵੇਗਾ, ਜਿਸ ਵਿੱਚ ਸਵੱਛਤਾ ਅਤੇ ਠੋਸ ਕਚਰਾ ਪ੍ਰਬੰਧਨ ਦੇ ਸਾਰੇ ਪਹਿਲੂ ਸ਼ਾਮਲ ਹਨ। ਇਸ ਨਾਲ ਵਾਰਡ ਪੱਧਰ 'ਤੇ ਕਮੀਆਂ ਨੂੰ ਪਹਿਚਾਣਨ ਕਰਨ, ਤੰਦਰੁਸਤ ਮੁਕਾਬਲੇ ਨੂੰ ਹੁਲਾਰਾ ਦੇਣ ਅਤੇ ਇੱਕ-ਦੂਸਰੇ ਦੇ ਬਿਹਤਰੀਨ ਤੌਰ-ਤਰੀਕਿਆਂ ਨੂੰ ਅਪਣਾਉਣ ਵਿੱਚ ਮਦਦ ਮਿਲੇਗੀ।

ਕਮਿਸ਼ਨਰ ਨੇ 'ਸਕੂਲ ਸਟਾਰ ਅਵਾਰਡਸ' ਪਹਿਲ ਬਾਰੇ ਵੀ ਦੱਸਿਆ, ਜਿਸ ਦਾ ਮਕਸਦ ਸਵੱਛਤਾ, ਕਚਰਾ ਅਲੱਗ ਕਰਨ, ਵਾਤਾਵਰਣ ਸੰਭਾਲ਼ ਅਤੇ ਵਿਦਿਆਰਥੀਆਂ ਦੀ ਭਾਗੀਦਾਰੀ ਵਿੱਚ ਉਤਕ੍ਰਿਸ਼ਟ ਯੋਗਦਾਨ ਦੇਣ ਵਾਲੇ ਸਕੂਲਾਂ ਨੂੰ ਸਨਮਾਨਿਤ ਕਰਨਾ ਹੈ।

ਚੰਡੀਗੜ੍ਹ ਰੈੱਡ ਕਰਾਸ ਨੇ ਨੇਪਾਲ ਦੇ ਹੜ੍ਹ ਪ੍ਰਭਾਵਿਤ ਪਰਿਵਾਰਾਂ ਲਈ ਰਾਹਤ ਸਮੱਗਰੀ ਭੇਜੀ

ਚੰਡੀਗੜ੍ਹ, 9 ਸਤੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਸ਼੍ਰੀ ਨਿਸ਼ਾਂਤ ਕੁਮਾਰ ਯਾਦਵ, ਆਈਏਐੱਸ, ਡਿਪਟੀ ਕਮਿਸ਼ਨਰ-ਅਤੇ-ਚੇਅਰਮੈਨ, ਇੰਡੀਅਨ ਰੈੱਡ ਕਰਾਸ ਸੋਸਾਇਟੀ (ਆਈਆਰਸੀਐੱਸ), ਯੂ.ਟੀ. ਚੰਡੀਗੜ੍ਹ ਸ਼ਾਖਾ ਨੇ ਅੱਜ ਨੇਪਾਲ ਵਿੱਚ ਹਾਲ ਹੀ ਵਿੱਚ ਆਏ ਅਚਾਨਕ ਹੜ੍ਹਾਂ ਤੋਂ ਪ੍ਰਭਾਵਿਤ ਪਰਿਵਾਰਾਂ ਲਈ ਰਾਹਤ ਸਮੱਗਰੀ ਲੈ ਕੇ ਜਾਣ ਵਾਲੇ ਦੋ ਟਰੱਕਾਂ ਨੂੰ ਹਰੀ ਝੰਡੀ ਦਿਖਾ ਕੇ ਰਵਾਨਾ ਕੀਤਾ। ਨੇਪਾਲ ਰੈੱਡ ਕਰਾਸ ਸੋਸਾਇਟੀ ਨੂੰ ਭੇਜੀ ਜਾ ਰਹੀ ਇਸ ਰਾਹਤ ਸਮੱਗਰੀ ਵਿੱਚ ਜ਼ਰੂਰੀ ਦਵਾਈਆਂ, ਪੈਕ ਕੀਤਾ ਭੋਜਨ, ਪੀਣ ਵਾਲਾ ਪਾਣੀ ਅਤੇ ਸੈਨੇਟਰੀ ਪੈਡ ਸ਼ਾਮਲ ਹਨ।

ਇਸ ਅਵਸਰ 'ਤੇ ਸ਼੍ਰੀ ਅਮਨਦੀਪ ਸਿੰਘ ਭੱਟੀ, ਪੀਸੀਐੱਸ, ਐਡੀਸ਼ਨਲ ਡਿਪਟੀ ਕਮਿਸ਼ਨਰ-ਅਤੇ-ਸਕੱਤਰ, ਇੰਡੀਅਨ ਰੈੱਡ ਕਰਾਸ ਸੋਸਾਇਟੀ (ਆਈਆਰਸੀਐੱਸ), ਯੂ.ਟੀ. ਚੰਡੀਗੜ੍ਹ ਸ਼ਾਖਾ, ਅਤੇ ਸੁਸ਼੍ਰੀ ਪੂਨਮ ਮਲਿਕ, ਨੋਡਲ ਅਫ਼ਸਰ, ਇੰਡੀਅਨ ਰੈੱਡ ਕਰਾਸ ਸੋਸਾਇਟੀ (ਆਈਆਰਸੀਐੱਸ), ਯੂ.ਟੀ. ਚੰਡੀਗੜ੍ਹ ਸ਼ਾਖਾ, ਵੀ ਮੌਜੂਦ ਸਨ।

ਡਿਪਟੀ ਕਮਿਸ਼ਨਰ-ਅਤੇ-ਚੇਅਰਮੈਨ ਨੇ ਨੇਪਾਲ ਦੇ ਲੋਕਾਂ ਪ੍ਰਤੀ ਗਹਿਰੀ ਸੰਵੇਦਨਾ ਅਤੇ ਇਕਜੁੱਟਤਾ ਦਾ ਵਿਅਕਤ ਕਰਦੇ ਹੋਏ ਭਰੋਸਾ ਦਿੱਤਾ ਕਿ ਇੰਡੀਅਨ ਰੈੱਡ ਕਰਾਸ ਸੋਸਾਇਟੀ (ਆਈਆਰਸੀਐੱਸ), ਯੂ.ਟੀ. ਚੰਡੀਗੜ੍ਹ ਸ਼ਾਖਾ, ਹੜ੍ਹ ਪ੍ਰਭਾਵਿਤ ਪਰਿਵਾਰਾਂ ਨੂੰ ਹਰ ਸੰਭਵ ਸਹਾਇਤਾ ਪ੍ਰਦਾਨ ਕਰਦੀ ਰਹੇਗੀ। ਉਨ੍ਹਾਂ ਨੇ ਕਿਹਾ ਕਿ ਕੁਦਰਤੀ ਆਫ਼ਤਾਂ ਦੇ ਦੌਰਾਨ ਮਾਨਵੀ ਸਹਾਇਤਾ ਉਪਲਬਧ ਕਰਵਾਉਣਾ ਦਾਨੀਆਂ ਦੇ ਉਦਾਰ ਸਹਿਯੋਗ ਨਾਲ ਹੀ ਸੰਭਵ ਹੁੰਦਾ ਹੈ।

ਇਸ ਨੇਕ ਕਾਰਜ ਵਿੱਚ ਰੈੱਡ ਕਰਾਸ ਦਾ ਸਹਿਯੋਗ ਕਰਨ ਲਈ ਅੱਗੇ ਆਏ ਮੈਸਰਜ਼ ਐਵੀਏਟ ਇੰਟੀਗ੍ਰੇਟਿਡ ਪ੍ਰਾਈਵੇਟ ਲਿਮਿਟਿਡ, ਮੈਸਰਜ਼ ਗੁਰੂ ਨਾਨਕ ਗੀਤਾ ਕੈਲਾਸ਼ ਮੈਮੋਰੀਅਲ ਫਾਊਂਡੇਸ਼ਨ, ਫੋਟੋਗ੍ਰਾਫਰਸ ਹੈਲਪਿੰਗ ਹੈਂਡਸ ਅਤੇ ਸ਼੍ਰੀਮਤੀ ਕਸ਼ਿਸ਼ ਮਹਾਜਨ ਨੂੰ ਉਨ੍ਹਾਂ ਦੀ ਨਿਰਸ਼ੁਆਰਥ ਮਾਨਵੀ ਸੇਵਾ ਲਈ ਸਨਮਾਨਿਤ ਕੀਤਾ ਗਿਆ।

ਅਧਿਕਾਰੀਆਂ ਨੇ ਵਿਭਿੰਨ ਸਮਾਜਸੇਵੀਆਂ ਨਾਲ ਪ੍ਰਭਾਵੀ ਤਾਲਮੇਲ ਸਥਾਪਿਤ ਕਰਕੇ ਰਾਹਤ ਸਮੱਗਰੀ ਜੁਟਾਉਣ ਲਈ ਨੋਡਲ ਅਫ਼ਸਰ ਸੁਸ਼੍ਰੀ ਪੂਨਮ ਮਲਿਕ ਦੇ ਪ੍ਰਯਾਸਾਂ ਦੀ ਵੀ ਸ਼ਲਾਘਾ ਕੀਤੀ।

ਇੰਡੀਅਨ ਰੈੱਡ ਕਰਾਸ ਸੋਸਾਇਟੀ, ਯੂ.ਟੀ. ਚੰਡੀਗੜ੍ਹ ਸ਼ਾਖਾ ਨੇ ਨਾਗਰਿਕਾਂ ਅਤੇ ਸੰਗਠਨਾਂ

ਨਸ਼ਿਆਂ ਖ਼ਿਲਾਫ਼ ਆਵਾਜ਼ ਚੁੱਕਣ ਵਾਲੇ ਮਜ਼ਦੂਰ ਦੀ ਇਲਾਜ ਦੌਰਾਨ ਮੌਤ

ਪਿੰਡ ਦੀ ਸਰਪੰਚ, ਉਸ ਦੇ ਪਤੀ ਸਮੇਤ ਪੰਜ ਖ਼ਿਲਾਫ਼ ਕੇਸ ਦਰਜ; ਭਾਰੀ ਪੁਲਿਸ ਤਾਇਨਾਤ

ਸੰਗਰੂਰ, 9 ਸਤੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਦਿੜ੍ਹਬਾ ਹਲਕੇ ਦੇ ਪਿੰਡ ਤੂਰਬੰਜ਼ਾਰਾ ਵਿਖੇ ਇੱਕ ਮੰਤਰੀ ਦੇ ਸਮਾਗਮ ਦੌਰਾਨ ਨਸ਼ੇ ਦਾ ਮੁੱਦਾ ਉਠਾਉਣ ਵਾਲੇ ਮਜ਼ਦੂਰ ਗੁਲਜ਼ਾਰ ਸਿੰਘ (ਜਿਸ ਨੇ ਪੰਚਾਇਤ ਦੇ ਨੁਮਾਇੰਦਿਆਂ ਵੱਲੋਂ ਧਮਕਾਉਣ ਮਗਰੋਂ ਸਲਫ਼ਾਸ ਨਿਗਲ ਲਈ ਸੀ) ਦੀ ਡੀਐੱਮਸੀ ਲੁਧਿਆਣਾ ਵਿਖੇ ਇਲਾਜ ਦੌਰਾਨ ਮੌਤ ਹੋ ਗਈ ਹੈ। ਮ੍ਰਿਤਕ ਗੁਲਜ਼ਾਰ ਸਿੰਘ ਦੀ ਦੇਰ ਪੋਸਟਮਾਰਟਮ ਲਈ ਸਥਾਨਕ ਸਿਵਲ ਹਸਪਤਾਲ ਵਿਖੇ ਲਿਆਂਦੀ ਜਾ ਚੁੱਕੀ ਹੈ। ਸਿਵਲ ਹਸਪਤਾਲ ਵਿਖੇ ਭਾਰੀ ਪੁਲੀਸ ਫੋਰਸ ਤਾਇਨਾਤ ਕਰ ਦਿੱਤੀ ਗਈ ਹੈ।

ਸਿਵਲ ਹਸਪਤਾਲ ਵਿਖੇ ਵੱਖ-ਵੱਖ ਸਿਆਸੀ ਪਾਰਟੀਆਂ ਅਤੇ ਜਥੇਬੰਦੀਆਂ ਦੇ ਆਗੂ ਪੁੱਜਣੇ ਸ਼ੁਰੂ ਹੋ ਗਏ ਹਨ।

ਓਧਰ ਮ੍ਰਿਤਕ ਗੁਲਜ਼ਾਰ ਸਿੰਘ ਦੇ ਪੁੱਤਰ ਲਖਵਿੰਦਰ ਸਿੰਘ ਉਰਫ਼ ਲੱਖਾ ਦੇ ਬਿਆਨਾਂ 'ਤੇ ਪੁਲੀਸ ਨੇ ਥਾਣਾ ਦਿੜ੍ਹਬਾ ਵਿੱਚ ਪਿੰਡ ਤੂਰਬੰਜ਼ਾਰਾ ਦੀ ਸਰਪੰਚ ਬਲਜਿੰਦਰ ਕੌਰ, ਉਸ ਦੇ ਪਤੀ ਬਲਜੀਤ ਸਿੰਘ, ਸੁਖਦੇਵ ਸਿੰਘ ਉਰਫ਼ ਸੁੱਖਾ, ਵਿੱਕੀ ਸਿੰਘ ਪੰਚ ਅਤੇ ਗੋਨਾ ਸਿੰਘ ਵਾਸੀਆਨ ਤੂਰਬੰਜ਼ਾਰਾ ਦੇ ਖ਼ਿਲਾਫ਼ ਜ਼ੇਰ ਧਾਰਾ 108 ਬੀ.ਐੱਨ.ਐੱਸ., ਸੈਕਸ਼ਨ C(A)(r)(s) ਐੱਸ.ਸੀ./ਐੱਸ.ਟੀ. ਐਕਟ ਤਹਿਤ ਕੇਸ ਦਰਜ ਕਰ ਲਿਆ ਹੈ।

ਜ਼ਿਕਰਯੋਗ ਹੈ ਕਿ 6 ਸਤੰਬਰ ਨੂੰ ਪਿੰਡ ਤੂਰਬੰਜ਼ਾਰਾ ਵਿਖੇ ਇੱਕ ਮੰਤਰੀ ਦੇ ਸਮਾਗਮ ਦੌਰਾਨ ਪਿੰਡ ਦੇ ਦਲਿਤ ਭਾਈਚਾਰੇ ਨਾਲ ਸਬੰਧਤ ਮਜ਼ਦੂਰ ਗੁਲਜ਼ਾਰ ਸਿੰਘ ਨੇ ਮੁੱਦਾ ਉਠਾਇਆ ਸੀ ਕਿ ਉਸ ਦਾ ਲੜਕਾ ਚਿੱਟਾ ਨਸ਼ਾ ਕਰਦਾ ਹੈ, ਜਿਸ ਨੇ ਘਰ ਦਾ ਸਾਰਾ ਸਮਾਨ ਵੇਚ ਦਿੱਤਾ ਹੈ। ਦੱਸਿਆ ਜਾ ਰਿਹਾ ਹੈ ਕਿ ਪਿੰਡ ਦੇ ਕੁੱਝ ਵਿਅਕਤੀਆਂ ਵੱਲੋਂ ਮਜ਼ਦੂਰ ਨੂੰ ਧਮਕਾਇਆ ਗਿਆ।

ਮਰਨ ਤੋਂ ਪਹਿਲਾਂ ਇੱਕ ਵੀਡੀਓ ਬਿਆਨ ਵਿੱਚ ਗੁਲਜ਼ਾਰ ਸਿੰਘ ਨੇ ਦੋਸ਼ ਲਾਇਆ ਸੀ ਕਿ ਉਸ ਨੂੰ ਪੰਚਾਇਤ ਦੇ ਨੁਮਾਇੰਦਿਆਂ ਵੱਲੋਂ ਕਿਹਾ ਗਿਆ ਕਿ ਉਹ ਪੰਚਾਇਤ ਵਿੱਚ ਆ ਕੇ ਮੁਆਫ਼ੀ ਮੰਗੇ। ਉਹ ਪੰਚਾਇਤ ਵਿੱਚ ਨਹੀਂ ਗਿਆ ਸਗੋਂ ਉਸ ਨੇ ਡਰਦਿਆਂ ਸਲਫ਼ਾਸ ਨਿਗਲ ਲਈ।

ਪਹਿਲਾਂ ਉਸ ਨੂੰ ਸੰਗਰੂਰ ਹਸਪਤਾਲ ਲਿਆਂਦਾ ਗਿਆ, ਫਿਰ ਪਟਿਆਲਾ ਰੈਫ਼ਰ ਕਰ ਦਿੱਤਾ ਗਿਆ। ਇਸ ਮਗਰੋਂ ਫਿਰ ਸੰਗਰੂਰ ਦੇ ਇੱਕ ਨਿੱਜੀ ਹਸਪਤਾਲ ਲਿਆਂਦਾ ਗਿਆ, ਜਿੱਥੋਂ ਡੀਐੱਮਸੀ ਲੁਧਿਆਣਾ ਰੈਫ਼ਰ ਕਰ ਦਿੱਤਾ ਗਿਆ, ਜਿੱਥੇ ਬੀਤੀ ਰਾਤ ਉਸ ਦੀ ਮੌਤ ਹੋ ਗਈ। ਮ੍ਰਿਤਕ ਦੇ ਭਰਾ ਬਿੱਕਰ ਸਿੰਘ ਨੇ ਵੀ ਆਪਣੇ ਭਰਾ ਦੇ ਬਿਆਨਾਂ ਦੀ ਪੁਸ਼ਟੀ ਕੀਤੀ ਹੈ। ਅੱਜ ਸਿਵਲ ਹਸਪਤਾਲ ਵਿੱਚ ਪੋਸਟਮਾਰਟਮ ਮਗਰੋਂ ਉਸ ਦੀ ਦੇਹ ਨੂੰ ਪਿੰਡ ਲਿਜਾਇਆ ਜਾਵੇਗਾ।

ਇਸ ਘਟਨਾ ਮਗਰੋਂ ਸੂਬੇ ਦੀ ਸਿਆਸਤ ਵੀ ਗਰਮਾ ਗਈ ਹੈ। ਕਾਂਗਰਸ ਆਗੂ ਚਰਨਜੀਤ ਸਿੰਘ ਚੰਨੀ, ਸੁਖਪਾਲ ਸਿੰਘ ਖਹਿਰਾ ਅਤੇ ਬਿਕਰਮ ਸਿੰਘ ਮਜੀਠੀਆ ਸਮੇਤ ਅਨੇਕਾਂ ਆਗੂਆਂ ਵੱਲੋਂ ਸਰਕਾਰ ਨੂੰ ਘੇਰਿਆ ਗਿਆ ਹੈ। ਇਸ ਮੌਕੇ ਸਿਵਲ ਹਸਪਤਾਲ ਵਿੱਚ ਮੌਜੂਦ ਸ਼੍ਰੋਮਣੀ ਅਕਾਲੀ ਦਲ ਦੇ ਸੂਬਾ ਆਗੂ ਵਿਨਰਜੀਤ ਸਿੰਘ ਗੋਲਡੀ, ਅਕਾਲੀ ਦਲ ਵਾਰਿਸ ਪੰਜਾਬ ਦੇ ਆਗੂ ਚਮਨਦੀਪ ਸਿੰਘ ਮਿਲਖੀ, ਭਾਜਪਾ ਆਗੂ ਰਣਦੀਪ ਸਿੰਘ ਦਿਓਲ, ਕਾਂਗਰਸ ਆਗੂ ਜਗਦੇਵ ਗਾਗਾ ਨੇ ਮੰਗ ਕੀਤੀ ਹੈ ਕਿ ਇੱਕ ਮੰਤਰੀ ਨੂੰ ਕੇਸ ਵਿੱਚ ਨਾਮਜ਼ਦ ਕੀਤਾ ਜਾਵੇ ਕਿਉਂਕਿ ਮਜ਼ਦੂਰ ਗੁਲਜ਼ਾਰ ਸਿੰਘ ਨੇ ਮਰਨ ਤੋਂ ਪਹਿਲਾਂ ਵੀਡੀਓ ਬਿਆਨ ਜਾਰੀ ਕਰਕੇ ਚੀਮਾ ਨੂੰ ਵੀ ਜ਼ਿੰਮੇਵਾਰ ਠਹਿਰਾਇਆ ਹੈ।

ਸੁਖੋਈ-57 ਪੰਜਵੀਂ ਪੀੜ੍ਹੀ ਦੇ ਜੈੱਟ ਵੇਚਣ ਬਾਰੇ ਰੂਸ ਅਤੇ ਭਾਰਤ ਵਿਚਾਲੇ ਹੋਵੇਗੀ ਅਹਿਮ ਚਰਚਾ

ਨਵੀਂ ਦਿੱਲੀ, 9 ਸਤੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਇਸ ਹਫ਼ਤੇ ਸ਼ੁੱਕਰਵਾਰ ਨੂੰ ਰੂਸੀ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਮਿਲਣੀ ਦੌਰਾਨ ਭਾਰਤ ਨੂੰ ਸੁਖੋਈ-57 ਜੈੱਟਾਂ ਦੀ ਵਿਕਰੀ ਦਾ ਮੁੱਦਾ ਏਜੰਡੇ 'ਤੇ ਹੋਵੇਗਾ।

ਮੰਗਲਵਾਰ ਨੂੰ ਇੱਕ ਆਨਲਾਈਨ ਮੀਡੀਆ ਬ੍ਰੀਫਿੰਗ ਵਿੱਚ ਭਾਰਤੀ ਪੱਤਰਕਾਰਾਂ ਦੇ ਸਵਾਲਾਂ ਦੇ ਜਵਾਬ ਦਿੰਦੇ ਹੋਏ ਕ੍ਰੈਮਲਿਨ ਦੇ ਬੁਲਾਰੇ ਦਮਿਤਰੀ ਪੇਸਕੋਵ ਨੂੰ ਸੁਖੋਈ-57 ਬਾਰੇ ਪੁੱਛਿਆ ਗਿਆ ਅਤੇ ਉਨ੍ਹਾਂ ਨੇ ਜਵਾਬ ਦਿੰਦਿਆਂ ਕਿਹਾ, ਉਨ੍ਹਾਂ ਮਸ਼ੀਨਾਂ ਨੂੰ ਭਾਰਤ ਨੂੰ ਵੇਚਣ ਦਾ ਮੁੱਦਾ ਏਜੰਡੇ 'ਤੇ ਹੈ।

ਪੇਸਕੋਵ ਨੇ ਰੂਸੀ ਰਾਜ ਦੁਆਰਾ ਸੰਚਾਲਿਤ ਨਿਊਜ਼ ਆਉਟਲੈਟ ਸਪੁਟਨਿਕ ਦੁਆਰਾ ਮੇਜ਼ਬਾਨੀ ਕੀਤੀ ਗਈ ਬ੍ਰੀਫਿੰਗ ਵਿੱਚ ਕਿਹਾ ਕਿ ਭਾਰਤੀ



ਪੱਖ ਸਥਾਨਕ ਉਤਪਾਦਨ ਲਈ ਤਕਨਾਲੋਜੀ ਤਬਦੀਲੀ ਚਾਹੁੰਦਾ ਹੈ ਅਤੇ ਇਹ ਵਾਧੂ ਵਿਚਾਰ-ਵਟਾਂਦਰੇ ਦਾ ਵਿਸ਼ਾ ਹੈ ਜੋ ਕਿ ਚੱਲ ਰਹੇ ਹਨ।

ਤਕਨਾਲੋਜੀ ਤਬਦੀਲੀ ਦੇ ਮੁੱਦੇ ਨੂੰ ਸਮਝਾਉਂਦੇ ਹੋਏ, ਪੇਸਕੋਵ ਨੇ ਕਿਹਾ, ਹਰ ਦੇਸ਼ ਨਵੀਂ ਤਕਨਾਲੋਜੀ ਨੂੰ ਆਪਣੇ ਕੋਲ ਰੱਖਣਾ ਚਾਹੁੰਦਾ ਹੈ। ਪਰ ਭਾਰਤ ਨਾਲ ਉੱਨਤ ਰਣਨੀਤਕ ਭਾਈਵਾਲੀ ਨੂੰ ਦੇਖਦੇ ਹੋਏ, ਅਸੀਂ ਆਪਣੇ ਭਾਰਤੀ ਭਾਈਵਾਲਾਂ ਨਾਲ ਉਨ੍ਹਾਂ ਤਕਨਾਲੋਜੀਆਂ ਨੂੰ ਸਾਂਝਾ ਕਰਨ ਦੀਆਂ ਸੰਭਾਵਨਾਵਾਂ ਬਾਰੇ ਚਰਚਾ ਕਰਾਂਗੇ, ਜੇ ਉਹ ਉਪਲਬਧ ਹੋਣ।

ਸੁਖੋਈ-57 ਪੰਜਵੀਂ ਪੀੜ੍ਹੀ ਦਾ ਜੈੱਟ ਹੈ। ਅਮਰੀਕਾ ਅਤੇ ਇਸ ਦੇ ਨਾਟੋ ਸਹਿਯੋਗੀ ਐੱਫ-35 ਦੀ ਵਰਤੋਂ ਕਰਦੇ ਹਨ ਜਦੋਂ ਕਿ ਚੀਨ ਕੋਲ ਪੰਜਵੀਂ ਪੀੜ੍ਹੀ ਦਾ ਜੈੱਟ ਜੇ35 ਹੈ ਅਤੇ ਹੁਣ ਇਹ ਪਾਕਿਸਤਾਨ ਨੂੰ ਵੀ ਉਹੀ ਮੁਹੱਈਆ ਕਰਵਾ ਰਿਹਾ ਹੈ।

ਪੇਸਕੋਵ ਨੇ ਕਿਹਾ ਕਿ ਭਾਰਤ ਅਤੇ ਰੂਸ ਵਿਸ਼ੇਸ਼ ਪੱਧਰ 'ਤੇ ਉਨ੍ਹਾਂ ਨੂੰ ਕਿਨਾਰਾ ਪ੍ਰਦਾਨ ਕਰਨ ਲਈ ਸਾਂਝੇ ਤੌਰ 'ਤੇ ਤਿਆਰ ਕੀਤੀਆਂ ਮਿਜ਼ਾਈਲਾਂ ਵਿੱਚ ਸੋਧ ਕਰਨ ਸਮੇਤ ਰੱਖਿਆ ਸਹਿਯੋਗ ਨੂੰ ਵਧਾਉਣ ਬਾਰੇ ਚਰਚਾ ਕਰਨ ਦੀ ਕੋਸ਼ਿਸ਼ ਕਰ ਰਹੇ ਹਨ, ਜਿਵੇਂ ਕਿ

ਉਨ੍ਹਾਂ ਨੇ 12 ਅਤੇ 13 ਸਤੰਬਰ ਨੂੰ ਨਵੀਂ ਦਿੱਲੀ ਵਿੱਚ ਬ੍ਰਿਕਸ ਨੇਤਾਵਾਂ ਦੇ ਸੰਮੇਲਨ ਦੇ ਮੌਕੇ 'ਤੇ ਹੋਣ ਵਾਲੀ ਦੁਵੱਲੀ ਗੱਲਬਾਤ ਬਾਰੇ ਗੱਲ ਕੀਤੀ।

ਪੇਸਕੋਵ ਨੇ ਜ਼ਿਕਰ ਕੀਤਾ ਕਿ ਕਿਵੇਂ ਦੋਵੇਂ ਦੇਸ਼ ਬ੍ਰਹਮੋਸ ਵਰਗੀਆਂ ਮਿਜ਼ਾਈਲਾਂ ਦਾ ਸਾਂਝੇ ਤੌਰ 'ਤੇ ਉਤਪਾਦਨ ਕਰ ਰਹੇ ਹਨ ਅਤੇ ਉਨ੍ਹਾਂ ਨੂੰ ਹੋਰ ਵੀ ਬਿਹਤਰ ਬਣਾਉਣ ਲਈ ਉਨ੍ਹਾਂ ਵਿੱਚ ਸੁਧਾਰ ਕਰਨ ਦੀ ਕੋਸ਼ਿਸ਼ ਕਰ ਰਹੇ ਹਨ।

ਭਾਰਤ ਵੱਲੋਂ ਵੱਡੀ ਗਿਣਤੀ ਵਿੱਚ ਐੱਸ-400 ਹਵਾਈ ਰੱਖਿਆ ਮਿਜ਼ਾਈਲਾਂ ਦੀ ਮੰਗ ਕਰਨ 'ਤੇ, ਕ੍ਰੇਮਲਿਨ ਦੇ ਬੁਲਾਰੇ ਨੇ ਕਿਹਾ, ਕਈ ਮਾਮਲਿਆਂ 'ਤੇ ਚਰਚਾ ਕੀਤੀ ਜਾਵੇਗੀ।

ਬਹਿਬਲ ਕਲਾਂ ਗੋਲੀਕਾਂਡ ਮਾਮਲੇ ਵਿਚ ਐੱਸ.ਆਈ.ਟੀ. ਨੇ ਸੁਖਬੀਰ ਸਿੰਘ ਬਾਦਲ ਨੂੰ ਮੁੜ ਤੋਂ ਕੀਤਾ ਤਲਬ

ਚੰਡੀਗੜ੍ਹ, 9 ਸਤੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਬਹਿਬਲ ਕਲਾਂ ਗੋਲੀਕਾਂਡ ਮਾਮਲੇ ਵਿਚ ਐੱਸ.ਆਈ.ਟੀ. ਨੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੂੰ ਮੁੜ ਤੋਂ ਸੰਮਨ ਭੇਜਿਆ ਹੈ। ਗੋਲੀਕਾਂਡ ਮਾਮਲੇ ਵਿਚ ਸੁਖਬੀਰ ਸਿੰਘ ਬਾਦਲ ਤੋਂ 11 ਸਤੰਬਰ ਨੂੰ ਪੁੱਛਗਿੱਛ ਹੋਵੇਗੀ। ਇਸ ਤੋਂ ਪਹਿਲਾਂ ਸੁਖਬੀਰ ਸਿੰਘ ਬਾਦਲ 20 ਜੁਲਾਈ ਨੂੰ ਸਿੱਟ ਅੱਗੇ ਪੇਸ਼ ਹੋਏ ਸਨ। ਹੁਣ 11 ਸਤੰਬਰ ਨੂੰ ਸੁਖਬੀਰ ਸਿੰਘ ਬਾਦਲ ਨੂੰ ਪੁੱਛਗਿੱਛ ਲਈ ਚੰਡੀਗੜ੍ਹ ਸੱਦਿਆ ਗਿਆ ਹੈ।

ਪੰਜਾਬ ਕਾਂਗਰਸ ਦੇ ਇੰਚਾਰਜ ਸਚਿਨ ਪਾਇਲਟ ਨੇ ਕੀਤੀ ਰਾਹੁਲ ਤੇ ਪ੍ਰਿਅੰਕਾ ਗਾਂਧੀ ਨਾਲ ਮੁਲਾਕਾਤ

ਨਵੀਂ ਦਿੱਲੀ, 9 ਸਤੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਕਾਂਗਰਸ ਦੇ ਨਵੇਂ ਇੰਚਾਰਜ ਸਚਿਨ ਪਾਇਲਟ ਨੇ ਅੱਜ ਰਾਹੁਲ ਗਾਂਧੀ ਅਤੇ ਪ੍ਰਿਯੰਕਾ ਗਾਂਧੀ ਵਾਡਰਾ ਨਾਲ ਮੁਲਾਕਾਤ ਕੀਤੀ। ਪੰਜਾਬ ਦਾ ਇੰਚਾਰਜ ਨਿਯੁਕਤ ਕੀਤੇ ਜਾਣ ਤੋਂ ਬਾਅਦ ਪਾਇਲਟ ਦੀ ਰਾਹੁਲ ਅਤੇ ਪ੍ਰਿਯੰਕਾ ਨਾਲ ਇਹ ਪਹਿਲੀ ਮੁਲਾਕਾਤ ਹੈ। ਉਨ੍ਹਾਂ ਇਸ ਸੰਬੰਧੀ ਜਾਣਕਾਰੀ ਆਪਣੇ ਸੋਸ਼ਲ ਮੀਡੀਆ ਅਕਾਊਂਟ 'ਤੇ ਸਾਂਝੀ ਕੀਤੀ ਹੈ। ਪੋਸਟ ਵਿਚ ਉਨ੍ਹਾਂ ਦੱਸਿਆ ਕਿ ਅੱਜ ਸਵੇਰੇ ਮੈਂ ਵਿਰੋਧੀ ਧਿਰ ਦੇ ਨੇਤਾ ਤੇ ਕਾਂਗਰਸ ਪਾਰਟੀ ਦੇ ਜਨਰਲ ਸਕੱਤਰ ਰਾਹੁਲ ਗਾਂਧੀ ਤੇ ਪ੍ਰਿਅੰਕਾ ਗਾਂਧੀ ਨਾਲ ਮੁਲਾਕਾਤ ਕੀਤੀ।

ਉਨ੍ਹਾਂ ਦੱਸਿਆ ਕਿ ਇਸ ਮੁਲਾਕਾਤ ਦੌਰਾਨ ਉਨ੍ਹਾਂ ਮੈਨੂੰ ਪੰਜਾਬ ਦੀ ਜ਼ਿੰਮੇਵਾਰੀ ਸੌਂਪਣ ਲਈ ਮੈਂ ਉਨ੍ਹਾਂ ਦਾ ਧੰਨਵਾਦ ਕੀਤਾ। ਅੱਗੇ ਉਨ੍ਹਾਂ

ਲਿਖਿਆ ਕਿ ਰਾਹੁਲ ਗਾਂਧੀ ਨੇ ਕਿਹਾ ਕਿ ਮੈਨੂੰ ਪੂਰਾ ਵਿਸ਼ਵਾਸ ਹੈ ਕਿ ਸਮੂਹਿਕ ਯਤਨਾਂ, ਇਕ ਮਜ਼ਬੂਤ ? ?ਸੰਗਠਨ ਅਤੇ ਸਾਡੇ ਵਰਕਰਾਂ ਦੀ ਊਰਜਾ ਨਾਲ ਕਾਂਗਰਸ ਪੰਜਾਬ ਵਿਚ ਸੱਤਾ ਵਿੱਚ ਵਾਪਸੀ ਕਰੇਗੀ। ਪੰਜਾਬ ਦੇ ਉੱਜਵਲ ਭਵਿੱਖ ਲਈ, ਕਿਸਾਨਾਂ ਅਤੇ ਨੌਜਵਾਨਾਂ ਸਮੇਤ ਸਮਾਜ ਦੇ ਹਰ ਵਰਗ ਦੇ ਅਧਿਕਾਰਾਂ ਦੀ ਰੱਖਿਆ ਅਤੇ ਸਨਮਾਨ ਕਰਨ ਦੇ ਸਾਡੇ ਯਤਨ ਪੂਰੀ ਲਗਨ ਅਤੇ ਵਚਨਬੱਧਤਾ ਨਾਲ ਹੋਣਗੇ।

ਮੰਨਿਆ ਜਾ ਰਿਹਾ ਹੈ ਕਿ ਇਸ ਮੀਟਿੰਗ ਵਿਚ ਪੰਜਾਬ ਕਾਂਗਰਸ ਦੀ ਮੌਜੂਦਾ ਰਾਜਨੀਤਿਕ ਸਥਿਤੀ, ਚੋਣ ਰਣਨੀਤੀ ਅਤੇ ਪਾਰਟੀ ਆਗੂਆਂ ਵਿਚ ਚੱਲ ਰਹੀ ਧੜੇਬੰਦੀ ਬਾਰੇ ਚਰਚਾ ਕੀਤੀ ਗਈ। ਰਾਹੁਲ ਗਾਂਧੀ ਅਤੇ ਪ੍ਰਿਯੰਕਾ ਗਾਂਧੀ ਦੇ ਇਸ ਮਹੀਨੇ ਪੰਜਾਬ ਆਉਣ ਦੀ ਉਮੀਦ ਹੈ। ਸੂਤਰਾਂ ਅਨੁਸਾਰ ਸਚਿਨ ਪਾਇਲਟ ਰਾਹੁਲ ਗਾਂਧੀ ਦੇ ਦੌਰੇ ਤੋਂ ਪਹਿਲਾਂ ਅਗਲੇ ਹਫ਼ਤੇ ਪੰਜਾਬ ਅਤੇ ਚੰਡੀਗੜ੍ਹ ਪਹੁੰਚਣਗੇ।

ਆਪਣੀ ਪਹਿਲੀ ਫੇਰੀ ਦੌਰਾਨ ਉਹ ਸੀਨੀਅਰ ਸੂਬਾ ਕਾਂਗਰਸ ਆਗੂਆਂ ਅਤੇ ਮੁੱਖ ਅਧਿਕਾਰੀਆਂ ਨਾਲ ਮੀਟਿੰਗਾਂ ਕਰਨਗੇ। ਇਸ ਮੀਟਿੰਗ ਤੋਂ ਬਾਅਦ ਰਾਹੁਲ ਗਾਂਧੀ ਦੇ ਪੰਜਾਬ ਦੌਰੇ ਦੇ ਸ਼ਡਿਊਲ ਨੂੰ ਅੰਤਿਮ ਰੂਪ ਦਿੱਤੇ ਜਾਣ ਦੀ ਸੰਭਾਵਨਾ ਹੈ। ਰਾਹੁਲ ਗਾਂਧੀ ਦੇ ਸਤੰਬਰ ਦੇ ਅਖੀਰ ਵਿਚ ਪੰਜਾਬ ਆਉਣ ਦੀ ਉਮੀਦ ਹੈ।

ਮਾਨ ਸਰਕਾਰ ਦੀਆਂ ਲੋਕ ਭਲਾਈ ਨੀਤੀਆਂ ਤੋਂ ਵਿਰੋਧੀ ਘਬਰਾਟ ਵਿਚ : ਪ੍ਰਿੰਸ ਲਾਂਬਾ

ਪਟਿਆਲਾ, 9 ਸਤੰਬਰ
-ਅਮਰਜੀਤ ਸਿੰਘ ਲਾਂਬਾ-
-ਕੌਮੀ ਪੱਤ੍ਰਿਕਾ ਬਿਊਰੋ-

ਅੱਜ ਆਮ ਆਦਮੀ ਪਾਰਟੀ ਦੇ ਅਰਬਨ ਅਤੇ ਰੂਰਲ ਦੇ ਮੀਡਿਆ ਜਿਲਾ ਪ੍ਰਧਾਨ ਸ੍ .ਰਵਿੰਦਰ ਪਾਲ ਸਿੰਘ , ਪ੍ਰਿੰਸ ਲਾਂਬਾ ਨੇ ਕਿਹਾ ਕੇ ਪੰਜਾਬ ਦੇ ਸਤਿਕਾਰ ਯੋਗ ਮੁੱਖ ਮੰਤਰੀ ਸ੍ .ਭਗਵੰਤ ਸਿੰਘ ਮਾਨ ਨੇ ਜੋ ਆਮ ਆਦਮੀ ਪਾਰਟੀ ਲਈ ਜੋ ਨੀਤੀਆਂ ਪੰਜਾਬ ਵਿਚ ਲਾਗੂ ਕੀਤੀਆਂ ਉਸ ਨਾਲ ਵਿਰੋਧੀ ਪਾਰਟੀਆਂ ਘਬਰਾਟ ਵਿਚ ਹਨ । ਇਸ ਲਈ ਕਾਂਗਰਸ , ਬੀ .ਜੇ .ਪੀ ,ਸਾਰੇ ਅਕਾਲੀ ਦਲ ਝੂਠਾ ਪ੍ਰਚਾਰ ਕਰਕੇ ਆਮ ਜਨਤਾ ਨੂੰ ਗੁਮਰਾਹ ਕਰ ਰਹੇ ਹਨ । ਪੰਜਾਬ ਦੀ ਜਨਤਾ ਵਿਰੋਧੀ ਪਾਰਟੀਆਂ ਤੋਂ ਭਲੀ- ਭਾਂਤ ਜਾਣੂ ਹਨ । ਇਸ ਮੌਕੇ ਮੀਡਿਆ ਇੰਚਾਰਜ ਪ੍ਰਿੰਸ ਲਾਂਬਾ ਨੇ ਕਿਹਾ ਕੇ ਆਮ ਆਦਮੀ ਪਾਰਟੀ ਦੇ ਕੌਮੀ ਕਨਵੀਨਰ ਸ਼੍ਰੀ ਅਰਵਿੰਦ ਕੇਜਰੀਵਾਲ ਜੀ , ਪੰਜਾਬ ਦੇ ਜੁਝਾਰੂ ਮੁੱਖ ਮੰਤਰੀ ਸ੍ . ਭਗਵੰਤ ਸਿੰਘ ਮਾਨ ਜੀ , ਪੰਜਾਬ ਪ੍ਰਭਾਰੀ ਸ਼੍ਰੀ .ਮਨੀਸ਼ ਸਿਸੋਦੀਆ ਜੀ ਨੇ ਜੋ ਪੰਜਾਬ ਦੀ ਜਨਤਾ ਲਈ ਲੋਕ

ਭਲਾਈ ਨੀਤੀਆਂ ਨੂੰ ਘਰ ਘਰ ਪਹੁੰਚਾ ਕੇ ਆਮ ਆਦਮੀ ਦਾ ਅਸ਼ੀਰਵਾਦ ਲਿਆ ਉਸ ਤੋਂ ਤਹਿ ਹੈ ਕੇ 2027 ਵਿਚ ਆਮ ਆਦਮੀ ਪਾਰਟੀ ਦੀ ਸਰਕਾਰ ਬਣਨ ਜਾ ਰਹੀ ਹੈ । ਪੰਜਾਬ ਦੀ ਜਨਤਾ ਮੁੱਖ ਮੰਤਰੀ ਸ੍ .ਭਗਵੰਤ ਸਿੰਘ ਮਾਨ ਜੀ ਦੀ ਕਾਰਜ ਗੁਜਾਰੀ ਤੋਂ ਪ੍ਰਸੰਨ ਹਨ । ਇਸ ਮੌਕੇ ਰਵਿੰਦਰ ਪਾਲ ਸਿੰਘ ਪ੍ਰਿੰਸ ਲਾਂਬਾ ਨੇ ਕਿਹਾ ਕੇ ਪਹਿਲੀ ਵਾਰ ਹੋਇਆ ਕੇ ਬਿਨਾਂ ਕਿਸੀ ਜਾਤ - ਪਾਤ ਤੋਂ ਉਪਰ ਉੱਠ ਕੇ ਸਹੂਲਤਾਂ ਦਿਤੀਆਂ ।ਚਾਹੇ ਮੁਫ਼ਤ ਬਿਜਲੀ , 10 ਲੱਖ ਦਾ ਬੀਮਾ ਯੋਜਨਾ ਕਾਰਡ , ਤੀਰਥ ਯਾਤਰਾ , ਕਿਸਾਨਾਂ ਨੂੰ ਨਿਰ - ਵਿਗਣ ਪਾਣੀ , ਸਰਕਾਰੀ ਸਕੂਲਾ ਵਿਚ ਨਿੱਜੀ ਸਕੂਲਾ ਵਰਗੀਆਂ ਸਹੂਲਤਾਂ , ਸਰਕਾਰੀ ਹਸਪਤਾਲਾਂ ਵਿਚ ਬੇਹਤਰ ਸੁਵਿਧਾਵਾਂ ਇਸ ਤੋਂ ਇਲਾਵਾ ਆਦਮੀ ਨੂੰ ਮਾਨ ਸਰਕਾਰ ਬਹੁਤ ਸਹੂਲਤਾਂ ਦੇ ਰਹੀ ਹੈ । ਪ੍ਰਿੰਸ ਲਾਂਬਾ ਨੇ ਕਿਹਾ ਕੇ 2027 ਵਿਚ ਪੰਜਾਬ ਵਿਚ ਆਮ ਆਦਮੀ ਪਾਰਟੀ ਦੀ ਸਰਕਾਰ ਬਣਨ ਜਾ ਰਹੀ ਹੈ ਇਸ ਲਈ ਵਿਰੋਧੀਆਂ ਨੂੰ ਇਹ ਅਵਾਜ ਹਾਜਮ ਨਹੀਂ ਹੋ ਰਿਹਾ । ਪ੍ਰਿੰਸ ਲਾਂਬਾ ਨੇ ਕਿਹਾ ਕੇ ਅੱਜ ਤਕ ਕਿਸੀ ਵੀ ਮੁੱਖ ਮੰਤਰੀ ਨੂੰ ਇੰਨਾ ਪੰਜਾਬ ਦੀ ਜਨਤਾ ਨੇ ਨਹੀਂ ਦਿੱਤਾ ਜਿਨ੍ਹਾਂ ਸ੍ .ਭਗਵੰਤ ਸਿੰਘ ਨੂੰ ਮਿਲ ਰਿਹਾ ਹੈ ਪੰਜਾਬ ਦੀ ਜਨਤਾ ਨੇ ਲਗਭਗ ਤਹਿ ਕਰ ਲਿਆ ਕੇ 2027 ਵਿਚ ਦੁਬਾਰਾ ਆਮ ਆਦਮੀ ਪਾਰਟੀ ਦੀ ਸਰਕਾਰ ਬਣੇਗੀ ।

ਦਿੱਲੀ 'ਚ ਮਨੀਪੁਰੀ ਗਾਇਕ ਚੌਂਗਥਮ ਵਿਕਰਮ ਸਿੰਘ ਦੇ ਕਤਲ ਨਾਲ ਉੱਤਰ-ਪੂਰਬੀ ਭਾਈਚਾਰੇ 'ਚ ਰੋਸ

ਮਨੀਪੁਰ, 9 ਸਤੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਦਿੱਲੀ ਦੇ ਆਸ਼ਰਮ ਨੇੜਲੇ ਪਿੰਡ ਕਿਲੋਕਰੀ ਵਿਖੇ ਆਪਣੇ ਘਰ ਦੇ ਬਾਹਰ ਹੋ ਰਹੇ ਰੌਲੇ-ਰੱਪੇ ਅਤੇ ਹੰਗਾਮੇ ਦਾ ਵਿਰੋਧ ਕਰਨ 'ਤੇ ਮਨੀਪੁਰ ਦੇ 54 ਸ

ਉਪ ਰਾਸ਼ਟਰਪਤੀ ਨੇ ਪੀਯੂ ਵਿੱਚ ਐਡਵਾਂਸਡ ਇੰਸਟਰੂਮੈਂਟੇਸ਼ਨ ਫੈਸਿਲਿਟੀ ਅਤੇ ਟੈਕ ਇਨੋਵੇਸ਼ਨ ਫੋਰਮ ਦਾ ਕੀਤਾ ਉਦਘਾਟਨ

➢ ਉਪ ਰਾਸ਼ਟਰਪਤੀ ਨੇ ਪੰਜਾਬ ਯੂਨੀਵਰਸਿਟੀ ਵਿੱਚ ਏਆਈ ਅਤੇ ਸੈਮੀਕੰਡਕਟਰ ਲਈ ਵਿਸ਼ੇਸ਼ ਕੇਂਦਰ ਸਥਾਪਤ ਕਰਨ ਲਈ ਕਿਹਾ ➢ ਪੰਜਾਬ ਯੂਨੀਵਰਸਿਟੀ ਨੂੰ ਵਿਸ਼ਵ ਪੱਧਰੀ ਸੰਸਥਾ ਬਣਾਉਣ ਲਈ ਸਾਂਝੇ ਯਤਨ ਜ਼ਰੂਰੀ ➢ ਭਾਰਤ ਗੁਣਵੱਤਾਪੂਰਨ ਸਿੱਖਿਆ ਅਤੇ ਖੋਜ ਲਈ ਵਿਸ਼ਵ ਪੱਧਰੀ ਕੇਂਦਰ ਵਜੋਂ ਉੱਭਰ ਰਿਹਾ ਹੈ: ਉਪ ਰਾਸ਼ਟਰਪਤੀ

ਚੰਡੀਗੜ੍ਹ, 9 ਸਤੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਭਾਰਤ ਦੇ ਉਪ ਰਾਸ਼ਟਰਪਤੀ ਅਤੇ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਦੇ ਚਾਂਸਲਰ ਸ੍ਰੀ ਸੀ. ਪੀ. ਰਾਧਾਕ੍ਰਿਸ਼ਨਨ ਨੇ ਸ਼ੁੱਕਰਵਾਰ ਨੂੰ ਪੰਜਾਬ ਯੂਨੀਵਰਸਿਟੀ ਵਿੱਚ ਐਡਵਾਂਸਡ ਇੰਸਟਰੂਮੈਂਟੇਸ਼ਨ ਫੈਸਿਲਿਟੀ ਅਤੇ ਪੰਜਾਬ ਯੂਨੀਵਰਸਿਟੀ ਟੈਕ ਇਨੋਵੇਸ਼ਨ ਫੋਰਮ (ਪੀਯੂ-ਟੀਆਈਐਫ) ਦਾ ਉਦਘਾਟਨ ਕੀਤਾ। ਇਸ ਮੌਕੇ 'ਈਪੌਕ 2026: ਓਡਿਸੀ ਆਫ਼ ਪੀਯੂ ਟੈਕ ਇਨੋਵੇਸ਼ਨ ਫੋਰਮ' ਨਾਮਕ ਕੌਫੀ ਟੇਬਲ ਬੁੱਕ ਵੀ ਜਾਰੀ ਕੀਤੀ ਗਈ।

ਉਦਘਾਟਨ ਦੌਰਾਨ ਉਪ ਰਾਸ਼ਟਰਪਤੀ ਨੇ ਪੀਯੂ-ਟੀਆਈਐਫ ਦੀਆਂ ਪ੍ਰਮੁੱਖ ਸਹੂਲਤਾਂ ਦਾ ਦੌਰਾ ਕੀਤਾ ਅਤੇ ਖੋਜਕਰਤਾਵਾਂ, ਨਵੋਨਮੇਸ਼ਕਾਂ ਅਤੇ ਸਟਾਰਟਅੱਪਸ ਲਈ ਉਪਲਬਧ ਬੁਨਿਆਦੀ ਢਾਂਚੇ ਅਤੇ ਤਕਨੀਕੀ ਸਮਰੱਥਾਵਾਂ ਬਾਰੇ ਜਾਣਕਾਰੀ ਲਈ। ਉਨ੍ਹਾਂ ਨੇ ਸਕੇਲ-ਅੱਪ ਫੈਸਿਲਿਟੀ ਦਾ ਵੀ ਦੌਰਾ ਕੀਤਾ, ਜਿੱਥੇ ਛੇ 5-ਲੀਟਰ ਬਾਇਓਰੀਐਕਟਰ ਅਤੇ 7-ਲੀਟਰ, 25-ਲੀਟਰ ਅਤੇ 250-ਲੀਟਰ ਸਮਰੱਥਾ ਵਾਲਾ ਇੱਕ-ਇੱਕ ਬਾਇਓਰੀਐਕਟਰ ਉਪਲਬਧ ਹੈ। ਉਨ੍ਹਾਂ ਨੇ ਪ੍ਰੋਟੀਨ ਪਿਊਰੀਫਿਕੇਸ਼ਨ ਪਲੇਟਫਾਰਮ ਦੀਆਂ ਸਹੂਲਤਾਂ ਬਾਰੇ ਵੀ ਜਾਣਕਾਰੀ ਲਈ, ਜਿੱਥੇ ਪ੍ਰੋਟੀਨ ਅਤੇ ਹੋਰ ਜੈਵ-ਅਣੂਆਂ ਦੀ ਡਾਊਨਸਟ੍ਰੀਮ ਪ੍ਰੋਸੈਸਿੰਗ ਅਤੇ ਸ਼ੁੱਧੀਕਰਨ ਦੀ ਸਹੂਲਤ ਉਪਲਬਧ ਹੈ।

ਐਸਏਆਈਐਫ/ਸੀਆਈਐਲ ਅਤੇ ਪੀਯੂ-ਟੀਆਈਐਫ ਯੂਨੀਵਰਸਿਟੀ ਦੇ ਅਕਾਦਮਿਕ ਅਤੇ ਟ੍ਰਾਂਸਲੇਸ਼ਨਲ ਖੋਜ ਦੇ ਈਕੋਸਿਸਟਮ ਦੇ ਮਹੱਤਵਪੂਰਨ ਹਿੱਸੇ ਹਨ। ਇਹ ਖੋਜਕਰਤਾਵਾਂ, ਨਵੋਨਮੇਸ਼ਕਾਂ ਅਤੇ ਉਦਯੋਗ ਨੂੰ ਉੱਨਤ ਵਿਸ਼ਲੇਸ਼ਣ, ਇਨਕਿਊਬੇਸ਼ਨ ਅਤੇ ਉੱਦਮਤਾ ਸਬੰਧੀ ਸਹਿਯੋਗ ਪ੍ਰਦਾਨ ਕਰਦੇ ਹਨ।

ਪੀਯੂ ਦੇ ਵਿਦਿਆਰਥੀਆਂ, ਅਧਿਆਪਕਾਂ, ਕਰਮਚਾਰੀਆਂ ਅਤੇ ਸਾਬਕਾ ਵਿਦਿਆਰਥੀਆਂ ਦੀ ਵੱਡੀ ਸਭਾ ਨੂੰ ਸੰਬੋਧਨ ਕਰਦਿਆਂ ਸ੍ਰੀ ਸੀ. ਪੀ. ਰਾਧਾਕ੍ਰਿਸ਼ਨਨ ਨੇ 1882 ਵਿੱਚ ਸਥਾਪਨਾ ਤੋਂ ਬਾਅਦ ਯੂਨੀਵਰਸਿਟੀ ਦੀ ਸ਼ਾਨਦਾਰ ਵਿਰਾਸਤ ਦਾ ਜ਼ਿਕਰ ਕੀਤਾ।

ਉਨ੍ਹਾਂ ਕਿਹਾ ਕਿ ਯੂਨੀਵਰਸਿਟੀ ਨੇ ਵੱਖ-ਵੱਖ ਪੀੜ੍ਹੀਆਂ ਦੇ ਨੇਤਾਵਾਂ, ਨਿਆਂ-ਵਿਦਾਂ, ਵਿਗਿਆਨੀਆਂ, ਖਿਡਾਰੀਆਂ ਅਤੇ ਲੋਕ ਸੇਵਕਾਂ ਨੂੰ ਤਿਆਰ ਕਰਕੇ ਰਾਸ਼ਟਰ ਨਿਰਮਾਣ ਵਿੱਚ ਮਹੱਤਵਪੂਰਨ ਯੋਗਦਾਨ ਪਾਇਆ ਹੈ।

ਉਪ ਰਾਸ਼ਟਰਪਤੀ ਨੇ ਕਿਹਾ ਕਿ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਦੀ ਅਗਵਾਈ ਹੇਠ ਭਾਰਤ ਦੀ ਉੱਚ ਸਿੱਖਿਆ ਅਤੇ ਵਿਗਿਆਨਕ ਖੋਜ ਪ੍ਰਣਾਲੀ ਵਿੱਚ ਵੱਡਾ ਬਦਲਾਅ ਆਇਆ ਹੈ। ਉਨ੍ਹਾਂ ਕਿਹਾ ਕਿ ਭਾਰਤ ਗੁਣਵੱਤਾਪੂਰਨ ਸਿੱਖਿਆ, ਖੋਜ ਅਤੇ ਨਵੋਨਮੇਸ਼ ਲਈ ਤੇਜ਼ੀ ਨਾਲ ਵਿਸ਼ਵ ਪੱਧਰੀ ਮੰਜ਼ਿਲ ਵਜੋਂ ਉੱਭਰ ਰਿਹਾ ਹੈ।

ਪੀਯੂ ਵਿੱਚ ਦੋਵੇਂ ਉਦਘਾਟਨਾਂ ਨੂੰ ਮਹੱਤਵਪੂਰਨ ਉਪਲਬਧੀ ਦੱਸਦਿਆਂ ਸ੍ਰੀ ਰਾਧਾਕ੍ਰਿਸ਼ਨਨ ਨੇ ਕਿਹਾ ਕਿ ਐਡਵਾਂਸਡ ਇੰਸਟਰੂਮੈਂਟੇਸ਼ਨ ਫੈਸਿਲਿਟੀ ਵਿੱਚ ਪੰਜ ਉੱਨਤ ਵਿਗਿਆਨਕ ਉਪਕਰਣ—ਐਟਾਮਿਕ ਫੋਰਸ ਮਾਈਕ੍ਰੋਸਕੋਪ, ਰਮਨ ਸਪੈਕਟ੍ਰੋਮੀਟਰ, ਡੀਐਨਏ ਸੀਕਵੈਂਸਰ, ਫਲੋ ਸਾਈਟੋਮੀਟਰ ਅਤੇ ਐਫਟੀਆਈਆਰ ਸਪੈਕਟ੍ਰੋਮੀਟਰ ਦੀ ਸਥਾਪਨਾ ਨਾਲ ਯੂਨੀਵਰਸਿਟੀ ਦੀਆਂ ਖੋਜ ਸਮਰੱਥਾਵਾਂ ਹੋਰ ਮਜ਼ਬੂਤ ਹੋਣਗੀਆਂ। ਉਨ੍ਹਾਂ ਕਿਹਾ ਕਿ ਇਨ੍ਹਾਂ ਸਹੂਲਤਾਂ ਨਾਲ ਨੈਨੋ ਟੈਕਨਾਲੋਜੀ, ਮੈਟੀਰੀਅਲਜ਼ ਸਾਇੰਸ, ਵਾਤਾਵਰਣ ਵਿਗਿਆਨ ਅਤੇ ਜੀਨੋਮਿਕਸ ਵਰਗੇ ਖੇਤਰਾਂ ਵਿੱਚ ਖੋਜ ਨੂੰ ਲਾਭ ਮਿਲੇਗਾ।

ਨਵੋਨਮੇਸ਼ ਦੀ ਮਹੱਤਤਾ 'ਤੇ ਜ਼ੋਰ ਦਿੰਦਿਆਂ ਉਪ ਰਾਸ਼ਟਰਪਤੀ ਨੇ ਕਿਹਾ ਕਿ ਬਾਇਓਨੇਸਟ ਨੂੰ ਸੈਕਸ਼ਨ-8 ਦੀ ਗੈਰ-ਮੁਨਾਫ਼ਾ ਕੰਪਨੀ ਪੰਜਾਬ ਯੂਨੀਵਰਸਿਟੀ ਟੈਕ ਇਨੋਵੇਸ਼ਨ ਫੋਰਮ ਵਿੱਚ ਬਦਲਣਾ ਖੋਜ, ਉੱਦਮਤਾ ਅਤੇ ਤਕਨਾਲੋਜੀ ਵਿਕਾਸ ਨੂੰ ਅੱਗੇ ਵਧਾਉਣ ਲਈ ਇੱਕ ਨਵਾਂ ਸੰਸਥਾਗਤ ਢਾਂਚਾ ਤਿਆਰ ਕਰਦਾ ਹੈ। ਉਨ੍ਹਾਂ ਕਿਹਾ ਕਿ ਜਦੋਂ ਅਕਾਦਮਿਕ ਸੰਸਥਾਵਾਂ, ਉਦਯੋਗ, ਇਨਕਿਊਬੇਟਰ ਅਤੇ ਨਿਵੇਸ਼ਕ ਮਿਲ ਕੇ ਕੰਮ ਕਰਦੇ ਹਨ ਤਾਂ ਨਵੋਨਮੇਸ਼ ਨੂੰ ਗਤੀ ਮਿਲਦੀ ਹੈ।

ਨੌਜਵਾਨ ਖੋਜਕਰਤਾਵਾਂ ਨੂੰ ਉਨ੍ਹਾਂ ਕਿਹਾ ਕਿ ਉਹ ਉਦੇਸ਼ਪੂਰਨ ਢੰਗ ਨਾਲ ਵਿਗਿਆਨ ਨੂੰ ਅੱਗੇ ਵਧਾਉਣ, ਅਸਫਲਤਾਵਾਂ ਦੇ ਬਾਵਜੂਦ ਯਤਨ ਜਾਰੀ ਰੱਖਣ ਅਤੇ ਅਜਿਹੇ ਨਵੋਨਮੇਸ਼ ਵਿਕਸਿਤ ਕਰਨ ਜੋ ਸਮਾਵੇਸ਼ੀ ਹੋਣ, ਵੱਡੇ ਪੱਧਰ 'ਤੇ ਲਾਗੂ ਕੀਤੇ ਜਾ ਸਕਣ ਅਤੇ ਸਮਾਜ ਦੀਆਂ ਅਸਲ ਲੋੜਾਂ ਨੂੰ ਪੂਰਾ ਕਰਨ। ਉਨ੍ਹਾਂ ਕਿਹਾ ਕਿ ਖੋਜ ਦਾ ਸਮਾਜ 'ਤੇ ਸਾਰਥਕ ਪ੍ਰਭਾਵ ਹੋਣਾ ਚਾਹੀਦਾ ਹੈ। ਉਨ੍ਹਾਂ ਖੋਜਕਰਤਾਵਾਂ ਅਤੇ ਵਿਦਿਆਰਥੀਆਂ ਨੂੰ ਖੋਜ ਨੂੰ ਸਹੀ ਦਿਸ਼ਾ ਵਿੱਚ ਅੱਗੇ ਵਧਾਉਣ ਦਾ ਸੱਦਾ ਦਿੱਤਾ ਤਾਂ ਜੋ ਇਸ ਦਾ ਲਾਭ ਸਮਾਜ ਦੇ ਵੱਡੇ ਹਿੱਸੇ ਤੱਕ ਪਹੁੰਚ ਸਕੇ।

ਉਪ ਰਾਸ਼ਟਰਪਤੀ ਨੇ ਕੈਂਪਸ ਦੀ ਸੁਰੱਖਿਆ ਦਾ ਮੁੱਦਾ ਵੀ ਉਠਾਇਆ। ਉਨ੍ਹਾਂ ਕਿਹਾ ਕਿ ਇੱਕ ਪੀਐਚਡੀ ਵਿਦਿਆਰਥੀ ਦੀ ਮੰਦਭਾਗੀ ਮੌਤ ਤੋਂ ਬਾਅਦ ਉਨ੍ਹਾਂ ਨੇ ਯੂਨੀਵਰਸਿਟੀ ਪ੍ਰਸ਼ਾਸਨ ਨੂੰ ਪੂਰੇ ਕੈਂਪਸ ਦਾ ਵਿਆਪਕ ਸੁਰੱਖਿਆ ਆਡਿਟ ਕਰਵਾਉਣ ਦੇ ਨਿਰਦੇਸ਼ ਦਿੱਤੇ ਸਨ। ਉਨ੍ਹਾਂ ਦੱਸਿਆ ਕਿ ਮੌਜੂਦਾ ਬੁਨਿਆਦੀ ਢਾਂਚੇ ਦੀ ਸਮੀਖਿਆ ਲਈ ਇੱਕ ਕਮੇਟੀ ਦਾ ਗਠਨ ਕੀਤਾ ਗਿਆ ਹੈ, ਜੋ ਵਿਸਤ੍ਰਿਤ ਰਿਪੋਰਟ ਪੇਸ਼ ਕਰੇਗੀ। ਉਨ੍ਹਾਂ ਕਿਹਾ ਕਿ ਵਿਦਿਆਰਥੀਆਂ ਅਤੇ ਕਰਮਚਾਰੀਆਂ ਦੀ ਸੁਰੱਖਿਆ ਅਤੇ ਭਲਾਈ ਯੂਨੀਵਰਸਿਟੀ ਦੀ ਸਰਵੋਤਮ ਤਰਜੀਹ ਹੋਣੀ ਚਾਹੀਦੀ ਹੈ।

'ਨਸ਼ਾ-ਮੁਕਤ ਭਾਰਤ' ਦੇ ਨਿਰਮਾਣ ਵਿੱਚ ਵਿਦਿਆਰਥੀਆਂ ਦੀ ਭੂਮਿਕਾ 'ਤੇ ਜ਼ੋਰ ਦਿੰਦਿਆਂ ਸ੍ਰੀ ਰਾਧਾਕ੍ਰਿਸ਼ਨਨ ਨੇ ਵਿਦਿਆਰਥੀਆਂ ਨੂੰ ਨਸ਼ਿਆਂ ਤੋਂ ਦੂਰ ਰਹਿਣ ਅਤੇ ਆਪਣੇ ਪਰਿਵਾਰ ਅਤੇ ਦੋਸਤਾਂ ਨੂੰ ਵੀ ਇਸ ਤੋਂ ਦੂਰ ਰੱਖਣ ਲਈ ਪ੍ਰੇਰਿਤ ਕਰਨ ਦਾ ਸੱਦਾ ਦਿੱਤਾ।

ਉਪ ਰਾਸ਼ਟਰਪਤੀ ਨੇ ਕਿਹਾ ਕਿ ਪੰਜਾਬ ਯੂਨੀਵਰਸਿਟੀ ਨੂੰ ਆਰਟੀਫਿਸ਼ਲ ਇੰਟੈਲੀਜੈਂਸ ਅਤੇ ਕੁਆਂਟਮ ਕੰਪਿਊਟਿੰਗ 'ਤੇ ਕੇਂਦਰਿਤ ਇੱਕ ਵਿਸ਼ੇਸ਼ ਕੇਂਦਰ ਵਿਕਸਿਤ ਕਰਨਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਇਸ ਨਾਲ ਭਾਰਤ ਦੇ ਉੱਭਰਦੇ ਤਕਨਾਲੋਜੀ ਤੰਤਰ ਵਿੱਚ ਯੂਨੀਵਰਸਿਟੀ ਦੀ ਭੂਮਿਕਾ ਮਜ਼ਬੂਤ ਹੋਵੇਗੀ ਅਤੇ ਵਿਕਸਿਤ ਭਾਰਤ ਦੇ ਟੀਚੇ ਵਿੱਚ ਯੋਗਦਾਨ ਮਿਲੇਗਾ।

ਆਪਣੇ ਸੰਬੋਧਨ ਦੇ ਸਮਾਪਨ 'ਤੇ ਉਪ ਰਾਸ਼ਟਰਪਤੀ ਨੇ ਵਿਸ਼ਵਾਸ ਪ੍ਰਗਟਾਇਆ ਕਿ ਉੱਨਤ ਵਿਗਿਆਨਕ ਸਹੂਲਤਾਂ ਅਤੇ ਪੰਜਾਬ ਯੂਨੀਵਰਸਿਟੀ ਟੈਕ ਇਨੋਵੇਸ਼ਨ ਫੋਰਮ ਯੂਨੀਵਰਸਿਟੀ ਦੇ ਖੋਜ, ਨਵੋਨਮੇਸ਼ ਅਤੇ ਉੱਦਮਤਾ ਵਿੱਚ ਯੋਗਦਾਨ ਨੂੰ ਹੋਰ ਮਜ਼ਬੂਤ ਕਰਨਗੇ। ਉਨ੍ਹਾਂ ਵਿਦਿਆਰਥੀਆਂ ਅਤੇ ਅਧਿਆਪਕਾਂ ਨੂੰ ਕਲਾਸਰੂਮਾਂ ਅਤੇ ਪ੍ਰਯੋਗਸ਼ਾਲਾਵਾਂ ਤੋਂ ਨਿਕਲਣ ਵਾਲੇ ਵਿਚਾਰਾਂ ਨੂੰ ਨੌਜਵਾਨਾਂ ਲਈ ਮੌਕਿਆਂ ਵਿੱਚ ਬਦਲਣ ਅਤੇ ਵਿਕਸਿਤ ਭਾਰਤ ਅਤੇ ਆਤਮਨਿਰਭਰ ਭਾਰਤ ਦੇ ਟੀਚੇ ਵਿੱਚ ਯੋਗਦਾਨ ਪਾਉਣ ਦੇ ਲਈ ਕਿਹਾ।

ਉਨ੍ਹਾਂ ਯੂਨੀਵਰਸਿਟੀ ਭਾਈਚਾਰੇ ਨੂੰ ਪੰਜਾਬ ਯੂਨੀਵਰਸਿਟੀ ਨੂੰ ਵਿਸ਼ਵ ਪੱਧਰੀ ਉੱਚ ਸਿੱਖਿਆ ਅਤੇ ਖੋਜ ਸੰਸਥਾ ਬਣਾਉਣ ਲਈ ਸਾਂਝੇ ਯਤਨ ਕਰਨ ਅਤੇ ਇਸ ਦਿਸ਼ਾ ਵਿੱਚ ਸੁਝਾਅ ਦੇਣ ਦਾ ਵੀ ਸੱਦਾ ਦਿੱਤਾ।

ਪੀਯੂ ਦੇ ਚਾਂਸਲਰ ਨੇ ਕਿਹਾ ਕਿ ਉਨ੍ਹਾਂ ਨੂੰ ਪੰਜਾਬ ਯੂਨੀਵਰਸਿਟੀ ਦੇ ਨਵੋਨਮੇਸ਼ ਈਕੋਸਿਸਟਮ 'ਤੇ ਮਾਣ ਹੈ। ਉਨ੍ਹਾਂ ਦੱਸਿਆ ਕਿ 85 ਤੋਂ ਵੱਧ ਸਟਾਰਟਅੱਪਸ ਅਤੇ ਨਵੋਨਮੇਸ਼ਕਾਂ ਨੂੰ ਸਹਿਯੋਗ ਦਿੱਤਾ ਗਿਆ ਹੈ। ਉਨ੍ਹਾਂ ਵਧੇਰੇ ਵਿਆਪਕ ਪਹੁੰਚ ਦੀ ਲੋੜ 'ਤੇ ਵੀ ਜ਼ੋਰ ਦਿੰਦਿਆਂ ਕਿਹਾ ਕਿ ਨਵੋਨਮੇਸ਼ ਸਮਾਵੇਸ਼ੀ, ਵੱਡੇ ਪੱਧਰ 'ਤੇ ਲਾਗੂ ਕੀਤੇ ਜਾ ਸਕਣ ਵਾਲੇ ਅਤੇ ਕਿਫਾਇਤੀ ਹੋਣੇ ਚਾਹੀਦੇ ਹਨ।

ਤਾਲੀਆਂ ਦੀ ਗੜਗੜਾਹਟ ਦਰਮਿਆਨ ਉਪ ਰਾਸ਼ਟਰਪਤੀ ਨੇ ਕਿਹਾ ਕਿ ਪੰਜਾਬ ਯੂਨੀਵਰਸਿਟੀ ਦੀ 143 ਸਾਲ ਦੀ ਸ਼ਾਨਦਾਰ ਵਿਰਾਸਤ ਹੈ ਅਤੇ ਇਸ ਨੂੰ ਦੁਨੀਆ ਦੀਆਂ ਸਭ ਤੋਂ ਆਧੁਨਿਕ ਯੂਨੀਵਰਸਿਟੀਆਂ ਵਿੱਚ ਵੀ ਸ਼ਾਮਲ ਹੋਣਾ ਚਾਹੀਦਾ ਹੈ। ਪੀਯੂ ਭਾਈਚਾਰੇ ਨਾਲ ਸੰਵਾਦ ਕਰਦਿਆਂ ਉਨ੍ਹਾਂ ਯੂਨੀਵਰਸਿਟੀ ਨੂੰ ਵਿਸ਼ਵ ਪੱਧਰੀ ਸੰਸਥਾ ਬਣਾਉਣ ਲਈ ਸੁਝਾਅ ਮੰਗੇ। ਉਨ੍ਹਾਂ ਕਿਹਾ, ਮੈਂ ਚਾਹੁੰਦਾ ਹਾਂ ਕਿ ਪੀਯੂ ਦੁਨੀਆ ਦੀਆਂ ਸਰਵੋਤਮ ਯੂਨੀਵਰਸਿਟੀਆਂ ਵਿੱਚ ਸ਼ਾਮਲ ਹੋਵੇ।

ਉਪ ਰਾਸ਼ਟਰਪਤੀ ਨੇ ਪੰਜਾਬ ਯੂਨੀਵਰਸਿਟੀ ਦੀ ਪੂਰੀ ਟੀਮ ਨੂੰ ਵਧਾਈ ਦਿੰਦਿਆਂ ਐਨਆਈਆਰਐਫ ਰੈਂਕਿੰਗ ਵਿੱਚ ਯੂਨੀਵਰਸਿਟੀ ਦੇ 35ਵੇਂ ਸਥਾਨ, ਕਿਊਐਸ ਵਰਲਡ ਯੂਨੀਵਰਸਿਟੀ ਰੈਂਕਿੰਗ 2026 ਵਿੱਚ 901-950 ਬੈਂਡ ਵਿੱਚ ਸਥਾਨ ਅਤੇ ਪਿਛਲੇ ਸਾਲ ਦੇ ਮੁਕਾਬਲੇ 100 ਸਥਾਨਾਂ ਦੇ ਸੁਧਾਰ ਅਤੇ ਨੈਕ ਦੀ ਏ++ ਗ੍ਰੇਡਿੰਗ ਦਾ ਜ਼ਿਕਰ ਕੀਤਾ।

ਇਸ ਮੌਕੇ ਪੰਜਾਬ ਦੇ ਰਾਜਪਾਲ ਅਤੇ ਯੂਟੀ ਚੰਡੀਗੜ੍ਹ ਦੇ ਪ੍ਰਸ਼ਾਸਕ ਸ੍ਰੀ ਗੁਲਾਬ ਚੰਦ ਕਟਾਰੀਆ ਨੇ ਕਿਹਾ ਕਿ ਆਜ਼ਾਦੀ ਤੋਂ ਬਾਅਦ ਪੰਜਾਬ ਯੂਨੀਵਰਸਿਟੀ ਨੇ ਲੰਮਾ ਸਫ਼ਰ ਤੈਅ ਕੀਤਾ ਹੈ। ਉਨ੍ਹਾਂ ਲਾਹੌਰ ਤੋਂ ਚੰਡੀਗੜ੍ਹ ਤੱਕ ਯੂਨੀਵਰਸਿਟੀ ਦੀ ਯਾਤਰਾ ਦਾ ਜ਼ਿਕਰ ਕਰਦਿਆਂ ਕਿਹਾ ਕਿ ਯੂਨੀਵਰਸਿਟੀ ਨੇ ਨੋਬਲ ਪੁਰਸਕਾਰ ਜੇਤੂ ਡਾ. ਹਰਗੋਬਿੰਦ ਖੁਰਾਨਾ, ਅੰਤਰਿਕਸ਼ ਯਾਤਰੀ ਕਲਪਨਾ ਚਾਵਲਾ ਅਤੇ ਸਾਬਕਾ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਵਰਗੀਆਂ ਸ਼ਖ਼ਸੀਅਤਾਂ ਨੂੰ ਤਿਆਰ ਕਰਨ ਵਿੱਚ ਯੋਗਦਾਨ ਪਾਇਆ। ਉਨ੍ਹਾਂ ਕਿਹਾ ਕਿ ਯੂਨੀਵਰਸਿਟੀ ਵਿੱਚ ਵਿਸ਼ਵ ਪੱਧਰੀ ਸੰਸਥਾ ਬਣਨ ਦੀ ਸਮਰੱਥਾ ਹੈ ਅਤੇ ਇਹ 2047 ਤੱਕ ਵਿਕਸਿਤ ਭਾਰਤ ਦੇ ਟੀਚੇ ਨੂੰ ਹਾਸਲ ਕਰਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾ ਸਕਦੀ ਹੈ।

ਹਰਿਆਣਾ ਦੇ ਰਾਜਪਾਲ ਪ੍ਰੋ. ਅਸ਼ੀਮ ਕੁਮਾਰ ਘੋਸ਼ ਨੇ ਕਿਹਾ ਕਿ ਪੰਜਾਬ ਯੂਨੀਵਰਸਿਟੀ ਭਾਰਤ ਦੇ ਸਭ ਤੋਂ ਪੁਰਾਣੇ ਸਿੱਖਿਆ ਸੰਸਥਾਨਾਂ ਵਿੱਚੋਂ ਇੱਕ ਹੈ ਅਤੇ ਅਧਿਆਪਨ ਅਤੇ ਖੋਜ ਵਿੱਚ ਆਪਣੀ ਉੱਤਮਤਾ ਲਈ ਜਾਣੀ ਜਾਂਦੀ ਹੈ। ਉਨ੍ਹਾਂ ਕਿਹਾ ਕਿ ਐਸਏਆਈਐਫ/ਸੀਆਈਐਲ ਅਤੇ ਪੀਯੂ-ਟੀਆਈਐਫ ਬਹੁ-ਵਿਸ਼ਿਆਈ ਖੋਜ ਨੂੰ ਮਜ਼ਬੂਤ ਕਰਨਗੇ ਅਤੇ ਨਵੋਨਮੇਸ਼ ਨਾਲ ਜੁੜੇ ਵਿਚਾਰਾਂ ਨੂੰ ਸਟਾਰਟਅੱਪਸ ਅਤੇ ਵਪਾਰਕ ਤਕਨਾਲੋਜੀਆਂ ਵਿੱਚ ਬਦਲਣ ਵਿੱਚ ਮਦਦ ਕਰਨਗੇ। ਉਨ੍ਹਾਂ ਉਦਯੋਗ-ਅਕਾਦਮਿਕ ਸਹਿਯੋਗ ਨੂੰ ਹੋਰ ਮਜ਼ਬੂਤ ਕਰਨ ਅਤੇ ਆਤਮਨਿਰਭਰ ਭਾਰਤ ਅਤੇ 2047 ਤੱਕ ਵਿਕਸਿਤ ਭਾਰਤ ਦੇ ਟੀਚੇ ਵਿੱਚ ਯੋਗਦਾਨ ਪਾਉਣ ਦਾ ਸੱਦਾ ਦਿੱਤਾ।

ਸਾਬਕਾ ਕੇਂਦਰੀ ਮੰਤਰੀ ਅਤੇ ਚੰਡੀਗੜ੍ਹ ਦੇ ਸੰਸਦ ਮੈਂਬਰ ਸ੍ਰੀ ਮਨੀਸ਼ ਤਿਵਾਰੀ ਨੇ ਕਿਹਾ ਕਿ ਉਨ੍ਹਾਂ ਦਾ ਜਨਮ ਅਤੇ ਪਾਲਣ-ਪੋਸ਼ਣ ਪੰਜਾਬ ਯੂਨੀਵਰਸਿਟੀ ਕੈਂਪਸ ਵਿੱਚ ਹੋਇਆ ਹੈ। ਚੀਨ ਨਾਲ ਮੁਕਾਬਲੇ ਦੀ ਮਹੱਤਤਾ 'ਤੇ ਜ਼ੋਰ ਦਿੰਦਿਆਂ ਉਨ੍ਹਾਂ ਕਿਹਾ ਕਿ ਇਸ ਸਦੀ ਦੇ ਅਗਲੇ 74 ਸਾਲ ਉਨ੍ਹਾਂ ਦੇਸ਼ਾਂ ਦੇ ਹੋਣਗੇ ਜਿਨ੍ਹਾਂ ਕੋਲ ਅਤਿ-ਆਧੁਨਿਕ ਤਕਨਾਲੋਜੀ ਹੋਵੇਗੀ।

ਪੀਯੂ ਦੇ ਚਾਂਸਲਰ ਅਤੇ ਸਾਰੇ ਪਤਵੰਤੇ ਮਹਿਮਾਨਾਂ ਦਾ ਸਵਾਗਤ ਕਰਦਿਆਂ ਪੀਯੂ ਦੀ ਵਾਈਸ ਚਾਂਸਲਰ ਪ੍ਰੋ. ਮੀਨਾਕਸ਼ੀ ਗੌਇਲ ਨੇ ਕਿਹਾ ਕਿ ਅੱਜ ਦਾ ਦਿਨ ਮਹੱਤਵਪੂਰਨ ਹੈ, ਕਿਉਂਕਿ ਯੂਨੀਵਰਸਿਟੀ ਖੋਜ ਅਤੇ ਨਵੋਨਮੇਸ਼ ਨੂੰ ਜ਼ਮੀਨੀ ਪੱਧਰ 'ਤੇ ਉਤਰਦੇ ਹੋਏ ਦੇਖ ਰਹੀ ਹੈ। ਉਨ੍ਹਾਂ ਕਿਹਾ ਕਿ ਐਸਏਆਈਐਫ/ਸੀਆਈਐਲ ਅਤੇ ਪੀਯੂ-ਟੀਆਈਐਫ ਵਿੱਚ ਅਤਿ-ਆਧੁਨਿਕ ਖੋਜ ਉਪਕਰਣਾਂ ਦੀ ਸਥਾਪਨਾ ਨਾਲ ਉੱਨਤ ਖੋਜ ਨੂੰ ਹੋਰ ਮਜ਼ਬੂਤੀ ਮਿਲੇਗੀ ਅਤੇ ਉਦਯੋਗ ਅਤੇ ਸਮਾਜ ਨੂੰ ਲਾਭ ਹੋਵੇਗਾ। ਉਨ੍ਹਾਂ ਕਿਹਾ ਕਿ ਇਹ ਪਹਿਲਕਦਮੀਆਂ ਪ੍ਰਯੋਗਸ਼ਾਲਾਵਾਂ ਤੋਂ ਨਿਕਲਣ ਵਾਲੇ ਵਿਚਾਰਾਂ ਨੂੰ ਸਾਰਥਕ ਨਵੋਨਮੇਸ਼ਾਂ ਵਿੱਚ ਬਦਲਣ ਵਿੱਚ ਮਦਦ ਕਰਨਗੀਆਂ ਅਤੇ ਆਤਮਨਿਰਭਰ ਭਾਰਤ ਅਤੇ ਵਿਕਸਿਤ ਭਾਰਤ 02047 ਦੇ ਟੀਚੇ ਵਿੱਚ ਯੋਗਦਾਨ ਪਾਉਣਗੀਆਂ।

ਯੂਨੀਵਰਸਿਟੀ ਆਡੀਟੋਰੀਅਮ ਵਿੱਚ ਆਯੋਜਿਤ ਸਮਾਰੋਹ ਵਿੱਚ ਵਿਦਿਆਰਥੀਆਂ, ਅਧਿਆਪਕਾਂ ਅਤੇ ਖੋਜਾਰਥੀਆਂ ਦੀ ਵੱਡੀ ਗਿਣਤੀ ਮੌਜੂਦ ਰਹੀ। ਉਨ੍ਹਾਂ ਦੀ ਉਤਸ਼ਾਹਪੂਰਨ ਭਾਗੀਦਾਰੀ ਨੇ ਯੂਨੀਵਰਸਿਟੀ ਭਾਈਚਾਰੇ ਲਈ ਇਸ ਮੌਕੇ ਦੀ ਮਹੱਤਤਾ ਨੂੰ ਰੇਖਾਂਕਿਤ ਕੀਤਾ।

ਗੁਆਂਢੀਆਂ ਦੇ ਘਰੋਂ ਗਹਿਣੇ ਤੇ ਨਕਦੀ ਚੋਰੀ ਕਰਨ ਵਾਲੇ ਨੂੰ ਕਾਬੂ,ਕਰ ਪੁਲਿਸ ਨੇ ਕੀਤਾ ਮਾਮਲਾ ਦਰਜ

ਮਾਛੀਵਾੜਾ ਸਾਹਿਬ, 9 ਸਤੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਸਥਾਨਕ ਪੁਲਿਸ ਨੇ ਗੁਆ

ਨੌਜਵਾਨਾਂ ਨੂੰ ਖੇਡਾਂ , ਸਿੱਖਿਆ,ਹੁਨਰ ਵਿਕਾਸ ਨਾਲ ਜੋੜ ਕੇ ਹੀ ਅਸੀਂ ਉਹਨਾਂ ਨੂੰ ਨਸ਼ਿਆਂ ਤੋਂ ਦੂਰ ਰੱਖ ਸਕਦੇ ਹਾਂ : ਡੀ .ਪੀ.ਓ ਪ੍ਰਦੀਪ ਗਿੱਲ

ਪਟਿਆਲਾ, 9 ਸਤੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਜ਼ਿਲ੍ਹਾ ਪ੍ਰੋਗਰਾਮ ਦਫ਼ਤਰ, ਪਟਿਆਲਾ ਵੱਲੋਂ ਸਮਾਜ ਸੇਵੀ ਸੰਸਥਾਵਾਂ ਯੂਥ ਫੈਡਰੇਸ਼ਨ ਆਫ ਇੰਡੀਆ, ਪਾਵਰ ਹਾਊਸ ਯੂਥ ਕਲੱਬ, ਯੁਵਕ ਸੇਵਾਵਾਂ ਕਲੱਬ ਦੀਪ ਨਗਰ, ਪੰਜਾਬ ਰੈਡ ਕਰਾਸ ਨਸ਼ਾ ਪੀੜਤਾਂ ਲਈ ਏਕੀਕ੍ਰਿਤ ਮੁੜ ਵਸੇਬਾ ਕੇਂਦਰ, ਪਟਿਆਲਾ ਅਤੇ ਜ਼ਿਲ੍ਹਾ ਸਮਾਜਿਕ ਸੁਰੱਖਿਆ ਦਫ਼ਤਰ, ਪਟਿਆਲਾ ਦੇ ਸਹਿਯੋਗ ਨਾਲ ਨਸ਼ਾ ਮੁਕਤ ਭਾਰਤ ਅਭਿਆਨ ਅਤੇ ਮਾਨਯੋਗ ਮੁੱਖ ਮੰਤਰੀ ਪੰਜਾਬ ਸ. ਭਗਵੰਤ ਸਿੰਘ ਮਾਨ ਜੀ ਵੱਲੋਂ ਸ਼ੁਰੂ ਕੀਤੇ ਗਏ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਤਹਿਤ ਇੱਕ ਵਿਸ਼ੇਸ਼ ਜਾਗਰੂਕਤਾ ਪ੍ਰੋਗਰਾਮ ਦਾ ਆਯੋਜਨ ਕੀਤਾ ਗਿਆ।

ਇਸ ਪ੍ਰੋਗਰਾਮ ਵਿੱਚ ਮੁੱਖ ਮਹਿਮਾਨ ਵਜੋਂ ਜ਼ਿਲ੍ਹਾ ਪ੍ਰੋਗਰਾਮ ਅਫਸਰ ਸ. ਪ੍ਰਦੀਪ ਸਿੰਘ ਗਿੱਲ ਜੀ ਨੇ ਸ਼ਿਰਕਤ ਕੀਤੀ। ਪ੍ਰੋਗਰਾਮ ਦੀ ਪ੍ਰਧਾਨਗੀ ਸ. ਕਮਲਦੀਪ ਸਿੰਘ ਜੀ ਇੰਚਾਰਜ ਸੀ.ਡੀ.ਪੀ.ਓ (ਸ਼ਹਿਰੀ), ਪਟਿਆਲਾ ਅਤੇ ਸਟੇਟ ਐਵਾਰਡੀ ਸ. ਪਰਮਿੰਦਰ ਭਲਵਾਨ ਜੀ ਮੈਂਬਰ ਨਸ਼ਾ ਮੁਕਤ ਭਾਰਤ ਅਭਿਆਨ, ਮੈਂਬਰ ਜ਼ਿਲ੍ਹਾ ਸਾਂਝ ਕੇਂਦਰ ਪਟਿਆਲਾ ਪੁਲਿਸ, ਮੈਂਬਰ ਜ਼ਿਲ੍ਹਾ ਯੁਵਾ ਸਾਂਝ ਕਮੇਟੀ ਪਟਿਆਲਾ ਪੁਲਿਸ ਅਤੇ ਮੈਂਬਰ ਵੂਮੈਨ ਕੌਂਸਲਿੰਗ ਸੈਲ ਪਟਿਆਲਾ ਪੁਲਿਸ ਵੱਲੋਂ ਸਾਂਝੇ ਤੌਰ ਤੇ ਕੀਤੀ ਗਈ।

ਪ੍ਰੋਗਰਾਮ ਦਾ ਆਗਾਜ਼ ਗਵਰਨਰ ਐਵਾਰਡੀ ਸ. ਜਤਵਿੰਦਰ ਗਰੇਵਾਲ ਮੈਂਬਰ ਨਸ਼ਾ ਮੁਕਤ ਭਾਰਤ ਅਭਿਆਨ ਵੱਲੋਂ ਸਾਰੇ ਆਏ ਹੋਏ ਪਤਵੰਤਿਆਂ, ਅਧਿਕਾਰੀਆਂ, ਸਮਾਜ ਸੇਵੀ ਸੰਸਥਾਵਾਂ ਦੇ ਨੁਮਾਇੰਦਿਆਂ ਅਤੇ ਨੌਜਵਾਨਾਂ ਨੂੰ ਜੀ ਆਇਆਂ ਕਹਿ ਕੇ ਕੀਤਾ ਗਿਆ।

ਇਸ ਮੌਕੇ ਵਿਸ਼ੇਸ਼ ਤੌਰ ਤੇ ਰਣਜੀਤ ਕੌਰ,ਅਮਰਜੀਤ ਕੌਰ , ਜਸਪ੍ਰੀਤ ਸਿੰਘ , ਗੁਰਮੀਤ ਸਿੰਘ ਸਾਰੇ ਕੌਂਸਲਰ ਪੰਜਾਬ ਰੈਡ ਕਰਾਸ ਨਸ਼ਾ ਮੁਕਤ ਸਾਕੇਤ ਹਸਪਤਾਲ ਤੋਂ ਇਲਾਵਾ ਰੁਦਰਪ੍ਰਤਾਪ ਸਿੰਘ ਬੀ ਸੀ ਏ ਵਿਦਿਆਰਥੀ ਗੋਰਮਿੰਟ ਬਿਕਰਮ ਕਾਲਜ ਆਫ ਕਾਮਰਸ, ਗੁਰਜੀਤ ਸਿੰਘ ਲੱਕੀ ਹਰਦਾਸਪੁਰ, ਗੁਰਸਾਹਿਬ ਸਿੰਘ, ਗੁਰਕੀਰਤ ਸਿੰਘ, ਗੁਰਮਨਜੋਤ ਕੌਰ, ਗਗਨਪ੍ਰੀਤ ਕੌਰ, ਖੁਸ਼ਪ੍ਰੀਤ ਕੌਰ, ਭਿੰਦਰ ਜਲਵੇੜਾ ਨੇ ਸ਼ਿਰਕਤ ਕੀਤੀ।

ਮੁੱਖ ਮਹਿਮਾਨ ਜ਼ਿਲ੍ਹਾ ਪ੍ਰੋਗਰਾਮ ਅਫਸਰ ਸ. ਪ੍ਰਦੀਪ ਸਿੰਘ ਗਿੱਲ ਜੀ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਭਾਰਤ ਸਰਕਾਰ ਦੇ ਸਮਾਜਿਕ ਨਿਆਂ ਅਤੇ ਅਧਿਕਾਰਤਾ ਮੰਤਰਾਲੇ ਵੱਲੋਂ ਚਲਾਇਆ ਜਾ ਰਿਹਾ ਨਸ਼ਾ ਮੁਕਤ ਭਾਰਤ ਅਭਿਆਨ ਅਤੇ ਪੰਜਾਬ ਸਰਕਾਰ ਦਾ 'ਯੁੱਧ ਨਸ਼ਿਆਂ ਵਿਰੁੱਧ' ਇੱਕ ਪਵਿੱਤਰ ਮੁਹਿੰਮ ਹੈ। ਉਨ੍ਹਾਂ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਪਟਿਆਲਾ ਇਸ ਮੁਹਿੰਮ ਨੂੰ ਘਰ-ਘਰ ਤੱਕ ਪਹੁੰਚਾਉਣ ਲਈ ਵਚਨਬੱਧ ਹੈ। ਨੌਜਵਾਨਾਂ ਨੂੰ ਖੇਡਾਂ, ਸਿੱਖਿਆ ਅਤੇ ਹੁਨਰ ਵਿਕਾਸ ਨਾਲ ਜੋੜ ਕੇ ਹੀ ਅਸੀਂ ਉਨ੍ਹਾਂ ਨੂੰ ਨਸ਼ਿਆਂ ਤੋਂ ਦੂਰ ਰੱਖ ਸਕਦੇ ਹਾਂ। ਉਨ੍ਹਾਂ ਆਂਗਣਵਾੜੀ ਵਰਕਰਾਂ ਅਤੇ ਸਹਾਇਕਾਵਾਂ ਨੂੰ ਵੀ ਅਪੀਲ ਕੀਤੀ ਕਿ ਉਹ ਆਪਣੇ-ਆਪਣੇ ਖੇਤਰ ਵਿੱਚ ਔਰਤਾਂ ਅਤੇ ਬੱਚਿਆਂ ਨੂੰ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਬਾਰੇ ਜਾਗਰੂਕ ਕਰਨ।

ਉਹਨਾਂ ਨੇ ਕਿਹਾ ਕਿ ਬੱਚਿਆਂ ਵਿੱਚ ਸ਼ੁਰੂ ਤੋਂ ਹੀ ਚੰਗੇ ਸੰਸਕਾਰ ਅਤੇ ਨਸ਼ਿਆਂ ਵਿਰੁੱਧ ਚੇਤਨਾ ਪੈਦਾ ਕਰਨਾ ਸਮੇਂ ਦੀ ਮੁੱਖ ਲੋੜ ਹੈ। ਸਟੇਟ ਐਵਾਰਡੀ ਪਰਮਿੰਦਰ ਭਲਵਾਨ ਜੀ ਨੇ ਆਪਣੇ ਤਜ਼ਰਬੇ ਸਾਂਝੇ ਕਰਦਿਆਂ ਕਿਹਾ ਕਿ ਉਨ੍ਹਾਂ ਨੇ ਆਪਣੀ ਜ਼ਿੰਦਗੀ ਵਿੱਚ ਅਨੇਕਾਂ ਨੌਜਵਾਨਾਂ ਨੂੰ ਨਸ਼ਿਆਂ ਦੀ ਦਲਦਲ ਵਿੱਚ ਫਸਦੇ ਦੇਖਿਆ ਹੈ।

ਉਨ੍ਹਾਂ ਕਿਹਾ ਕਿ ਪੁਲਿਸ ਦੇ ਸਾਂਝ ਕੇਂਦਰ ਅਤੇ ਯੁਵਾ ਸਾਂਝ ਕਮੇਟੀ ਵੱਲੋਂ ਨੌਜਵਾਨਾਂ ਨੂੰ ਨਸ਼ਾ ਛੱਡਣ ਅਤੇ ਮੁੜ ਵਸੇਬੇ ਲਈ ਹਰ ਸੰਭਵ ਮਦਦ ਦਿੱਤੀ ਜਾ ਰਹੀ ਹੈ। ਕੋਈ ਵੀ ਨਸ਼ਾ ਪੀੜਤ ਬਿਨਾਂ ਕਿਸੇ ਡਰ ਦੇ ਰੈਡ ਕਰਾਸ ਦੇ ਮੁੜ ਵਸੇਬਾ ਕੇਂਦਰ ਵਿੱਚ ਸੰਪਰਕ ਕਰ ਸਕਦਾ ਹੈ, ਜਿੱਥੇ ਮੁਫ਼ਤ ਇਲਾਜ ਅਤੇ ਕੌਂਸਲਿੰਗ ਦੀ ਸਹੂਲਤ ਉਪਲਬਧ ਹੈ।

ਇਸ ਮੌਕੇ ਸਾਰੇ ਮਹਿਮਾਨਾਂ ਨੇ ਨਸ਼ਾ ਵਿਰੋਧੀ ਸਹੁੰ ਚੁੱਕੀ ਅਤੇ ਪ੍ਰਣ ਲਿਆ ਕਿ ਉਹ ਆਪਣੇ ਆਲੇ-ਦੁਆਲੇ ਨਸ਼ਾ ਮੁਕਤ ਸਮਾਜ ਸਿਰਜਣ ਲਈ ਲਗਾਤਾਰ ਕੰਮ ਕਰਨਗੇ।

ਇਸ ਪ੍ਰੋਗਰਾਮ ਵਿੱਚ ਵੱਡੀ ਗਿਣਤੀ ਵਿੱਚ ਆਂਗਣਵਾੜੀ ਵਰਕਰਾਂ, ਸੁਪਰਵਾਈਜ਼ਰਾਂ ਨੇ ਭਾਗ ਲਿਆ।

ਰੰਗਲਾ ਪੰਜਾਬ ਵਿਕਾਸ ਸਕੀਮ ਤਹਿਤ ਪਟਿਆਲਾ ਸ਼ਹਿਰ ਦੇ ਵਿਕਾਸ ਲਈ 5 ਕਰੋੜ ਰੁਪਏ ਦੇ ਫੰਡ ਹੋਰ ਜਾਰੀ: ਅਜੀਤਪਾਲ ਸਿੰਘ ਕੋਹਲੀ

ਪਟਿਆਲਾ, 9 ਸਤੰਬਰ
-ਅਮਰਜੀਤ ਸਿੰਘ ਲਾਂਬਾ-
-ਕੌਮੀ ਪੱਤ੍ਰਿਕਾ ਬਿਊਰੋ-

ਪਟਿਆਲਾ ਦੇ ਵਿਧਾਇਕ ਅਜੀਤਪਾਲ ਸਿੰਘ ਕੋਹਲੀ ਨੇ ਪੰਜਾਬ ਸਰਕਾਰ ਵੱਲੋਂ ਪਟਿਆਲਾ ਸ਼ਹਿਰੀ ਹਲਕੇ ਦੇ ਵਿਕਾਸ ਲਈ ਪੀਐਮ-26 ਰੰਗਲਾ ਪੰਜਾਬ ਵਿਕਾਸ ਸਕੀਮ ਦੇ ਤੀਜੇ ਫੇਜ਼ ਤਹਿਤ 5 ਕਰੋੜ ਰੁਪਏ ਦੇ ਫੰਡ ਜਾਰੀ ਕਰਨ ਲਈ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦਾ ਧੰਨਵਾਦ ਕੀਤਾ ਹੈ। ਇਨ੍ਹਾਂ ਫੰਡਾਂ ਦੀ ਵਰਤੋਂ ਨਾਲ ਉਲੀਕੇ ਗਏ ਵੱਖ-ਵੱਖ ਵਿਕਾਸ ਕਾਰਜਾਂ ਨੂੰ ਸਮੇਂ ਸਿਰ ਮੁਕੰਮਲ ਕਰਵਾਉਣ ਲਈ ਵਿਧਾਇਕ ਅਜੀਤਪਾਲ ਸਿੰਘ ਕੋਹਲੀ ਨੇ ਅੱਜ ਨਗਰ ਨਿਗਮ ਦੇ ਮੇਅਰ ਕੁੰਦਨ ਗੋਗੀਆ, ਕਮਿਸ਼ਨਰ ਪੂਜਾ ਸਿਆਲ ਗਰੇਵਾਲ, ਵਧੀਕ ਕਮਿਸ਼ਨਰ ਸਿਮਰਨਪ੍ਰੀਤ ਕੌਰ ਅਤੇ ਲੋਕ ਨਿਰਮਾਣ ਵਿਭਾਗ ਤੇ ਨਗਰ ਨਿਗਮ ਦੇ ਅਧਿਕਾਰੀਆਂ ਨਾਲ ਸਮੀਖਿਆ ਬੈਠਕ ਕੀਤੀ। ਉਨ੍ਹਾਂ ਅਧਿਕਾਰੀਆਂ ਨੂੰ ਵਿਕਾਸ ਕਾਰਜਾਂ ਨੂੰ ਤੈਅ ਸਮੇਂ ਅੰਦਰ ਪੂਰਾ ਕਰਨ ਲਈ ਲੋੜੀਂਦੇ ਦਿਸ਼ਾ-ਨਿਰਦੇਸ਼ ਦਿੱਤੇ। ਉਨ੍ਹਾਂ ਦੱਸਿਆ ਕਿ ਇਨ੍ਹਾਂ ਕਾਰਜਾਂ ਦੀ ਪ੍ਰਗਤੀ ਦੀ ਅਗਲੀ ਸਮੀਖਿਆ ਮੀਟਿੰਗ 26 ਸਤੰਬਰ ਨੂੰ ਕੀਤੀ ਜਾਵੇਗੀ। ਵਿਧਾਇਕ ਕੋਹਲੀ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਵੱਲੋਂ ਅਗਵਾਈ ਹੇਠ ਪੰਜਾਬ ਸਰਕਾਰ ਵੱਲੋਂ ਪਟਿਆਲਾ ਸ਼ਹਿਰ ਦੇ ਵਿਕਾਸ ਲਈ ਵੱਡੇ ਪੱਧਰ 'ਤੇ ਕੰਮ ਕਰਵਾਏ ਜਾ ਰਹੇ ਹਨ ਅਤੇ ਕੋਈ ਵੀ ਵਿਕਾਸ ਕਾਰਜ ਅਧੂਰਾ ਨਹੀਂ ਛੱਡਿਆ ਜਾਵੇਗਾ। ਉਨ੍ਹਾਂ ਕਿਹਾ ਕਿ ਨਗਰ ਨਿਗਮ, ਲੋਕ ਨਿਰਮਾਣ ਵਿਭਾਗ ਅਤੇ ਇੰਪਰੂਵਮੈਂਟ ਟਰੱਸਟ ਵੱਲੋਂ ਆਪੋ-ਆਪਣੇ ਵਿਭਾਗ ਨਾਲ ਸਬੰਧਤ ਕੰਮਾਂ ਨੂੰ ਤਰਜੀਹ ਦੇ ਆਧਾਰ 'ਤੇ ਸਮੇਂ ਸਿਰ ਮੁਕੰਮਲ ਕੀਤਾ ਜਾਵੇਗਾ। ਅਜੀਤਪਾਲ ਸਿੰਘ ਕੋਹਲੀ ਨੇ ਕਿਹਾ ਕਿ ਪਟਿਆਲਾ ਸ਼ਹਿਰ ਨੇ ਦੋ ਵਾਰ ਪੰਜਾਬ ਨੂੰ ਮੁੱਖ ਮੰਤਰੀ ਦਿੱਤੇ ਹਨ, ਪਰ ਇਸ ਦੇ ਬਾਵਜੂਦ ਸ਼ਹਿਰ ਲੰਮੇ ਸਮੇਂ ਤੱਕ ਵਿਕਾਸ ਪੱਖੋਂ ਪਛੜਿਆ ਰਿਹਾ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸਰਕਾਰ ਨੇ ਪਟਿਆਲਾ ਦੇ ਲੋਕਾਂ ਦੀਆਂ ਸਮੱਸਿਆਵਾਂ ਨੂੰ ਗੰਭੀਰਤਾ ਨਾਲ ਲੈਂਦਿਆਂ ਸ਼ਹਿਰ ਦੇ ਸਰਵਪੱਖੀ ਵਿਕਾਸ ਦਾ ਬੀੜਾ ਚੁੱਕਿਆ ਹੈ ਅਤੇ ਹੁਣ ਵੱਖ-ਵੱਖ ਵਿਕਾਸ ਕਾਰਜ ਪੂਰੀ ਇਮਾਨਦਾਰੀ ਤੇ ਤਨਦੇਹੀ ਨਾਲ ਕਰਵਾਏ ਜਾ ਰਹੇ ਹਨ।

ਐਸ ਆਈ ਆਰ ਸਬੰਧੀ ਪਟਿਆਲਾ ਜ਼ਿਲ੍ਹੇ ਦੇ ਸਮੂਹ 1861 ਪੋਲਿੰਗ ਬੂਥਾਂ 'ਤੇ ਅੱਜ ਨੂੰ ਲੱਗਣਗੇ ਵਿਸ਼ੇਸ਼ ਕੈਂਪ

ਪਟਿਆਲਾ, 9 ਸਤੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਮੁੱਖ ਚੋਣ ਅਫ਼ਸਰ, ਪੰਜਾਬ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਵੋਟਰ ਸੂਚੀਆਂ ਦੀ ਵਿਸ਼ੇਸ਼ ਗਹਿਰੀ ਸੁਧਾਈ (ਐਸ.ਆਈ.ਆਰ.) 2026 ਅਧੀਨ ਅੱਜ ਪਟਿਆਲਾ ਜ਼ਿਲ੍ਹੇ ਦੇ ਸਮੂਹ 1861 ਪੋਲਿੰਗ ਬੂਥਾਂ 'ਤੇ ਵਿਸ਼ੇਸ਼ ਕੈਂਪ ਲਗਾਏ ਜਾਣਗੇ। ਇਹ ਜਾਣਕਾਰੀ ਦਿੰਦਿਆਂ ਡਿਪਟੀ ਕਮਿਸ਼ਨਰ-ਕਮ-ਜ਼ਿਲ੍ਹਾ ਚੋਣ ਅਫ਼ਸਰ ਡਾ. ਹਿਮਾਂਸ਼ੂ ਅਗਰਵਾਲ ਨੇ ਦੱਸਿਆ ਕਿ ਵੋਟਰ ਆਪਣੇ ਸਬੰਧਤ ਪੋਲਿੰਗ ਬੂਥ 'ਤੇ ਸਵੇਰੇ 10:00 ਵਜੇ ਤੋਂ ਸ਼ਾਮ 4:00 ਵਜੇ ਤੱਕ ਲਗਾਏ ਜਾ ਰਹੇ ਇਨ੍ਹਾਂ ਕੈਂਪਾਂ ਵਿੱਚ ਪਹੁੰਚ ਕੇ ਚੋਣ ਸਬੰਧੀ ਵੱਖ-ਵੱਖ ਸੇਵਾਵਾਂ ਦਾ ਲਾਭ ਲੈ ਸਕਦੇ ਹਨ। ਉਨ੍ਹਾਂ ਦੱਸਿਆ ਕਿ ਇਸ ਦੌਰਾਨ ਭਾਰਤ ਚੋਣ ਕਮਿਸ਼ਨ ਵੱਲੋਂ ਸਪੈਸ਼ਲ ਇੰਨਟੈਨਸਿਵ ਰਵੀਜ਼ਨ ਦੇ ਦੂਜੇ ਪੜਾਅ (ਨੋਟਿਸ ਫੇਜ/ਦਾਅਵੇ ਅਤੇ ਇਤਰਾਜ਼ਾਂ ਦੇ ਨਿਪਟਾਰੇ) ਦੇ ਕੰਮ ਨੂੰ ਮੁੱਖ ਰੱਖਦੇ ਹੋਏ ਪਟਿਆਲਾ ਜ਼ਿਲ੍ਹੇ ਲਈ ਲਗਾਏ ਗਏ ਰੋਲ ਅਬਜ਼ਰਵਰ-ਕਮ-ਕਮਿਸ਼ਨਰ ਪਟਿਆਲਾ ਡਵੀਜ਼ਨ ਸ੍ਰੀ ਵਿਨੈ ਬੁਬਲਾਨੀ ਇਨ੍ਹਾਂ ਕੈਂਪਾਂ ਦਾ ਦੌਰਾ ਕਰਕੇ ਜਾਇਜ਼ਾ ਲੈਣਗੇ।

ਜ਼ਿਲ੍ਹਾ ਚੋਣ ਅਫ਼ਸਰ ਨੇ ਅੱਗੇ ਦੱਸਿਆ ਕਿ ਵੋਟਰ ਸੁਵਿਧਾ ਲਈ ਸਾਰੇ ਬੂਥ ਲੈਵਲ ਅਫ਼ਸਰ (ਬੀਐਲਓਜ਼) ਇਨ੍ਹਾਂ ਵਿਸ਼ੇਸ਼ ਕੈਂਪਾਂ ਵਿੱਚ ਮੌਜੂਦ ਰਹਿਣਗੇ। ਨਾਗਰਿਕ ਵੋਟਰ ਸੇਵਾਵਾਂ ਲਈ ਲੋੜੀਂਦੇ ਫਾਰਮ ਭਰ ਕੇ ਮੌਕੇ 'ਤੇ ਹੀ ਆਪਣੇ ਬੀ.ਐਲ.ਓ. ਕੋਲ ਜਮ੍ਹਾਂ ਕਰਵਾ ਸਕਦੇ ਹਨ, ਫਾਰਮ ਨੰਬਰ 6: ਨਵੀਂ ਵੋਟ ਬਣਾਉਣ ਲਈ (ਲੋੜੀਂਦੇ ਦਸਤਾਵੇਜ਼ਾਂ ਸਮੇਤ), ਫਾਰਮ ਨੰਬਰ 6ਏ ਐਨ.ਆਰ.ਆਈ. ਵੋਟਰ ਵਜੋਂ ਦਰਜ ਹੋਣ ਲਈ, ਫਾਰਮ ਨੰਬਰ 8 ਪਤਾ ਬਦਲਣ, ਸ਼ਿਫਟਿੰਗ ਜਾਂ ਵੋਟਰ ਵੇਰਵਿਆਂ ਵਿੱਚ ਸੁਧਾਰ ਲਈ, ਦਿੱਤਾ ਜਾ ਸਕੇਗਾ। ਉਨ੍ਹਾਂ ਨੇ ਜ਼ਿਲ੍ਹੇ ਦੇ ਸਮੂਹ ਯੋਗ ਵੋਟਰਾਂ ਨੂੰ ਅਪੀਲ ਕੀਤੀ ਕਿ ਉਹ 6 ਸਤੰਬਰ ਨੂੰ ਇਨ੍ਹਾਂ ਵਿਸ਼ੇਸ਼ ਕੈਂਪਾਂ ਦਾ ਵੱਧ ਤੋਂ ਵੱਧ ਲਾਭ ਉਠਾਉਣ।

ਡਾ. ਹਿਮਾਂਸ਼ੂ ਅਗਰਵਾਲ ਨੇ ਦੱਸਿਆ ਕਿ ਵੋਟਰ ਕਾਰਡ, ਵੋਟਰ ਸੇਵਾਵਾਂ ਅਤੇ ਐਸ.ਆਈ.ਆਰ. ਪ੍ਰਕਿਰਿਆ ਨਾਲ ਸਬੰਧਤ ਕਿਸੇ ਵੀ ਤਰ੍ਹਾਂ ਦੀ ਜਾਣਕਾਰੀ ਜਾਂ ਸਹਾਇਤਾ ਲਈ ਜ਼ਿਲ੍ਹਾ ਅਤੇ ਵਿਧਾਨ ਸਭਾ ਚੋਣ ਹਲਕਾ ਪੱਧਰ 'ਤੇ ਬਣੇ ਹੈਲਪਡੈਸਕ ਤੋਂ ਇਲਾਵਾ ਟੋਲ-ਫ੍ਰੀ ਵੋਟਰ ਹੈਲਪਲਾਈਨ ਨੰਬਰ 1950 'ਤੇ ਵੀ ਸੰਪਰਕ ਕੀਤਾ ਜਾ ਸਕਦਾ ਹੈ।

ਮਾਡਲ ਸਕੂਲ ਦੇ ਵਿਦਿਆਰਥੀਆਂ ਨੇ ਅਧਿਆਪਕ ਦਿਵਸ ਦੇ ਮੌਕੇ ਤੇ ਤਹਿਸੀਲਦਾਰ ਡਾ. ਕੁਲਦੀਪ ਸਿੰਘ ਨਾਲ ਵਿਚਾਰ ਸਾਝੇਂ ਕੀਤੇ

ਪਟਿਆਲਾ, 9 ਸਤੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਸੀਨੀਅਰ ਸੈਕੰਡਰੀ ਮਾਡਲ ਸਕੂਲ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਵਿਦਿਆਰਥੀਆਂ ਨੇ ਅੱਜ ਡਾ. ਸਰਵਪੱਲੀ ਰਾਧਾਕ੍ਰਿਸ਼ਨਨ ਦੇ ਜਨਮ ਦਿਨ 'ਤੇ ਅਧਿਆਪਕ ਦਿਵਸ ਮਨਾਇਆ। ਵਿਦਿਆਰਥੀਆਂ ਨੇ ਕਵਿਤਾਵਾਂ ਪੇਸ਼ ਕੀਤੀਆਂ ਅਤੇ ਆਪਣੇ ਅਧਿਆਪਕਾਂ ਨੂੰ ਸਮਰਪਿਤ ਭਾਸ਼ਣ ਦਿੱਤੇ। 12ਵੀਂ ਜਮਾਤ ਦੇ ਵਿਦਿਆਰਥੀਆਂ ਨੇ ਉਨ੍ਹਾਂ ਦੀਆਂ ਯੋਗਤਾਵਾਂ ਅਤੇ ਸੁਭਾਅ ਦੇ ਆਧਾਰ 'ਤੇ ਵੱਖ-ਵੱਖ ਅਧਿਆਪਕਾਂ ਲਈ ਬਣਾਏ ਗਏ ਉਪਨਾਮ ਪੜ੍ਹੇ। ਅਧਿਆਪਕਾਂ ਨੂੰ ਗੁਲਾਬ ਦੇ ਫੁੱਲ ਵੀ ਭੇਟ ਕੀਤੇ ਗਏ। ਵਿਦਿਆਰਥੀਆਂ ਵਿੱਚੋਂ ਜੋਤਸਰੂਪ ਕੌਰ, ਨੈਨਸੀ ਅਤੇ ਮਹਿਕ ਪ੍ਰਮੁੱਖ ਬੁਲਾਰੇ ਸਨ। ਇਸ ਮੌਕੇ ਡਾ. ਕੁਲਦੀਪ ਸਿੰਘ, ਪੀ.ਸੀ.ਐਸ. ਨੂੰ ਵਿਸ਼ੇਸ਼ ਤੌਰ 'ਤੇ ਮੁੱਖ ਮਹਿਮਾਨ ਵਜੋਂ ਸੱਦਾ ਦਿੱਤਾ ਗਿਆ ਸੀ। ਵਿਦਿਆਰਥੀਆਂ ਨੂੰ ਸੰਬੋਧਨ ਕਰਦੇ ਹੋਏ, ਉਨ੍ਹਾਂ ਨੇ ਤਕਨਾਲੋਜੀ ਦੇ ਇਸ ਯੁੱਗ ਵਿੱਚ ਉਨ੍ਹਾਂ ਦੇ ਹੁਨਰ ਨੂੰ ਅਪਡੇਟ ਕਰਨ 'ਤੇ ਜ਼ੋਰ ਦਿੱਤਾ। ਡਾ. ਕੁਲਦੀਪ ਸਿੰਘ ਨੇ ਜੇਤੂ ਵਿਦਿਆਰਥੀਆਂ ਅਤੇ ਐਨ.ਸੀ.ਸੀ. ਕੈਡਿਟਾਂ ਨੂੰ ਸਰਟੀਫਿਕੇਟ ਵੰਡੇ। ਡਾ. ਰਾਗੀਨਾ ਮੈਨੀ, ਮੁੱਖ ਮੈਡੀਕਲ ਅਫਸਰ, ਪੰਜਾਬੀ ਯੂਨੀਵਰਸਿਟੀ ਵਿਸ਼ੇਸ਼ ਮਹਿਮਾਨ ਸਨ। ਆਪਣੇ ਸੰਬੋਧਨ ਵਿੱਚ ਉਨ੍ਹਾਂ ਨੇ ਕਿਹਾ ਕਿ ਮਾਂ ਪਹਿਲੀ ਅਧਿਆਪਕਾ ਸੀ ਅਤੇ ਅਧਿਆਪਕ ਦੂਜੀ ਮਾਂ ਸੀ। ਸਕੂਲ ਪ੍ਰਿੰਸੀਪਲ ਸਤਵੀਰ ਸਿੰਘ ਗਿੱਲ ਅਤੇ ਸਕੂਲ ਅਧਿਆਪਕਾ ਸ੍ਰੀਮਤੀ ਗੁਰਪ੍ਰੀਤ ਕੌਰ ਮੱਲ੍ਹੀ ਨੇ ਡਾ. ਰਾਧਾਕ੍ਰਿਸ਼ਨਨ ਦੇ ਜੀਵਨ ਅਤੇ ਸਿੱਖਿਆਵਾਂ 'ਤੇ ਚਾਨਣਾ ਪਾਇਆ। ਸਕੂਲ ਪ੍ਰਿੰਸੀਪਲ ਨੇ ਪ੍ਰਣ ਕੀਤਾ ਕਿ ਉਹ ਕਦੇ ਵੀ ਕਲਾਸ ਵਿੱਚ ਮੋਬਾਈਲ ਦੀ ਵਰਤੋਂ ਨਹੀਂ ਕਰਨਗੇ ਅਤੇ ਆਪਣੇ ਸਟਾਫ ਨੂੰ ਵੀ ਮੋਬਾਈਲ ਦੀ ਵਰਤੋਂ ਸਬੰਧੀ ਪ੍ਰੇਰਨਾ ਦਿੱਤੀ। ਬਾਅਦ ਵਿੱਚ ਇੱਕ ਕੇਕ ਕੱਟਣ ਦੀ ਰਸਮ ਹੋਈ।

ਮਿਸ਼ਨ ਕਲੀਨ ਪੰਜਾਬ ਤਹਿਤ ਪਾਤੜਾਂ ਅਤੇ ਘੱਗਾ ਵਿਚ ਸਫ਼ਾਈ ਮੁਹਿੰਮ



ਪਟਿਆਲਾ, 9 ਸਤੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਮੁੱਖ ਮੰਤਰੀ ਸ੍ਰ ਭਗਵੰਤ ਸਿੰਘ ਮਾਨ ਅਤੇ ਸਥਾਨਕ ਸਰਕਾਰ ਮੰਤਰੀ ਸ੍ਰੀ ਹਰਜੋਤ ਸਿੰਘ ਬੈਂਸ ਜੀ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਸੂਬੇ ਭਰ ਵਿੱਚ ਚਲਾਏ ਜਾ ਰਹੇ ਦਸ ਦਿਨਾਂ ਸਫ਼ਾਈ ਮਹਾ ਅਭਿਆਨ ਤਹਿਤ ਅੱਜ ਨਗਰ ਕੌਂਸਲ ਪਾਤੜਾਂ ਅਤੇ ਨਗਰ ਪੰਚਾਇਤ ਘੱਗਾ ਵੱਲੋਂ ਵੱਖ-ਵੱਖ ਥਾਵਾਂ 'ਤੇ ਵਿਸ਼ੇਸ਼ ਸਫ਼ਾਈ ਮੁਹਿੰਮ ਚਲਾਈ ਗਈ। ਨਗਰ ਕੌਂਸਲ ਪਾਤੜਾਂ ਦੇ ਪ੍ਰਧਾਨ ਸ੍ਰੀ ਅੰਮ੍ਰਿਤਪਾਲ ਸਿੰਘ ਦੀ ਅਗਵਾਈ ਹੇਠ ਮੇਨ ਬਾਜ਼

ਟਾਟਾ ਸੰਨਜ਼ ਦੇ ਉਤਰਾਧਿਕਾਰੀ ਦੀ ਦੌੜ 'ਚ ਤਿੰਨ ਨਾਂ ਸਭ ਤੋਂ ਅੱਗੇ, ਕੌਣ ਬਣੇਗਾ ਅਗਲਾ ਚੇਅਰਮੈਨ?

ਕੌਮੀ ਪੜ੍ਹਿਕਾ

ਨਵੀਂ ਦਿੱਲੀ 9 ਸਤੰਬਰ। 275 ਅਰਬ ਡਾਲਰ ਦੇ ਟਾਟਾ ਸਮੂਹ ਦੀ ਹੋਲਡਿੰਗ ਕੰਪਨੀ ਟਾਟਾ ਸੰਨਜ਼ ਨੇ ਆਪਣੇ ਚੇਅਰਮੈਨ ਐਨ ਚੰਦਰਸ਼ੇਖਰਨ ਦੇ ਉਤਰਾਧਿਕਾਰੀ ਦੀ ਭਾਲ ਨੂੰ ਤਿੰਨ ਪ੍ਰਮੁੱਖ ਕਾਰਪੋਰੇਟ ਦਿੱਗਜਾਂ ਤੱਕ ਸੀਮਤ ਕਰ ਦਿੱਤਾ ਹੈ। ਸੂਤਰਾਂ ਦੇ ਅਨੁਸਾਰ, ਇਨ੍ਹਾਂ ਵਿਚ ਟਾਟਾ ਸਟੀਲ ਦੇ ਸੀਈਓ ਅਤੇ ਐੱਮਡੀ ਟੀਵੀ ਨਰਿੰਦਰਨ, ਟਾਟਾ ਸੰਨਜ਼ ਦੇ ਕਾਰਜਕਾਰੀ ਡਾਇਰੈਕਟਰ ਸੌਰਭ ਅਗਰਵਾਲ ਅਤੇ ਨੈਸ਼ਨਲ ਸਟਾਕ ਐਕਸਚੇਂਜ (ਐੱਨਐੱਸਈ) ਦੇ ਐੱਮਡੀ ਅਤੇ ਸੀਈਓ ਆਸ਼ੀਸ਼ ਚੌਹਾਨ ਸ਼ਾਮਲ ਹਨ। ਅੰਦਰੂਨੀ ਉਮੀਦਵਾਰਾਂ ਵਿਚ ਨਰਿੰਦਰਨ ਸਭ ਤੋਂ ਅੱਗੇ ਹਨ, ਜਦੋਂਕਿ ਅਗਰਵਾਲ ਆਪਣੇ ਨਿਵੇਸ਼-ਬੈਂਕਿੰਗ ਅਤੇ ਪੂੰਜੀ ਵੰਡ ਦੇ ਤਜਰਬੇ ਕਾਰਨ ਚਰਚਾ ਵਿਚ ਹਨ। ਕੈਪੀਟਲ ਮਾਰਕੀਟ ਦੇ ਤਜਰਬੇਕਾਰ ਚੌਹਾਨ ਨਵੇਂ ਚਿਹਰੇ ਵਜੋਂ ਉਭਰ ਸਕਦੇ ਹਨ। ਚੋਣ ਪ੍ਰਕਿਰਿਆ ਹਾਲੇ ਵੀ ਜਾਰੀ ਹੈ ਅਤੇ ਕੋਈ ਆਖ਼ਰੀ ਫੈਸਲਾ ਨਹੀਂ ਲਿਆ ਗਿਆ ਹੈ। ਟਾਟਾ ਸੰਨਜ਼ ਦਾ ਬੋਰਡ ਅਤੇ ਟਰੱਸਟ ਅਗਲੇ ਚੇਅਰਮੈਨ ਦੀ ਚੋਣ ਵਿਚ ਮਹੱਤਵਪੂਰਨ ਭੂਮਿਕਾ ਨਿਭਾ ਸਕਦੇ ਹਨ। ਸੂਤਰਾਂ ਦੇ ਅਨੁਸਾਰ, ਟਾਟਾ ਟਰੱਸਟ ਦੇ ਚੇਅਰਮੈਨ ਨੋਏਲ ਟਾਟਾ ਨੇ ਸਰਕਾਰ

ਨੂੰ ਚੁਣੇ ਗਏ ਉਮੀਦਵਾਰਾਂ ਦੀ ਜਾਣਕਾਰੀ ਦਿੱਤੀ ਹੈ। ਨਾਵਾਂ 'ਤੇ ਪੂਰੀ ਤਰ੍ਹਾਂ ਚਰਚਾ ਕਰਨ ਤੋਂ ਬਾਅਦ ਹੀ ਇਸ 'ਤੇ ਫ਼ੈਸਲਾ ਹੋਵੇਗਾ। ਟਾਟਾ ਟਰੱਸਟ ਅਤੇ ਟਾਟਾ ਸੰਨਜ਼ ਨੇ ਇਸ ਸਬੰਧ ਵਿਚ ਭੇਜੇ ਗਏ ਈ-ਮੇਲ 'ਤੇ ਕੋਈ ਪ੍ਰਤੀਕਿਰਿਆ ਨਹੀਂ ਦਿੱਤੀ ਹੈ। ਚੰਦਰਸ਼ੇਖਰਨ ਨੇ 2017 ਵਿਚ ਟਾਟਾ ਸੰਨਜ਼ ਦੇ ਚੇਅਰਮੈਨ ਦਾ ਚਾਰਜ ਸੰਭਾਲਿਆ ਸੀ। ਉਨ੍ਹਾਂ ਪਿਛਲੇ ਮਹੀਨੇ ਕਿਹਾ ਸੀ ਕਿ ਉਹ 20 ਫਰਵਰੀ, 2027 ਨੂੰ ਆਪਣੀ ਮਿਆਦ ਖਤਮ ਹੋਣ 'ਤੇ ਦੁਬਾਰਾ ਨਿਯੁਕਤੀ ਲਈ ਅਰਜ਼ੀ ਨਹੀਂ ਦੇਣਗੇ। ਹਾਲਾਂਕਿ, ਉਤਰਾਧਿਕਾਰੀ ਦੀ ਭਾਲ ਲਈ ਅਧਿਕਾਰਕ ਪ੍ਰਕਿਰਿਆ ਸ਼ੁਰੂ ਕੀਤੀ ਗਈ ਹੈ। ਚੁਣੇ ਗਏ ਨਾਮਾਂ ਦੀ ਕੋਈ ਅਧਿਕਾਰਕ ਪੁਸ਼ਟੀ ਨਹੀਂ ਕੀਤੀ ਗਈ ਹੈ। ਹੋਰ ਸੰਭਾਵਿਤ ਨਾਵਾਂ ਵਿਚ ਨੋਏਲ ਟਾਟਾ, ਆਰਤੀ ਸੁਬ੍ਰਮਣੀਅਨ, ਸ਼ੈਲੇਸ਼ ਚੰਦਰ ਅਤੇ ਪ੍ਰਵੀਰ ਸਿੰਘ ਸ਼ਾਮਲ ਹਨ। ਚੰਦਰਸ਼ੇਖਰਨ ਦੀ ਵਿਦਾਈ ਟਾਟਾ ਸਮੂਹ ਲਈ ਇਕ ਮਹੱਤਵਪੂਰਨ ਮੋੜ 'ਤੇ ਹੋ ਰਹੀ ਹੈ। ਸਮੂਹ ਹਾਲੇ ਆਪਣੇ ਸਭ ਤੋਂ ਵੱਡੇ ਨਿਵੇਸ਼ ਦੇ ਦੌਰ ਤੋਂ ਗੁਜ਼ਰ ਰਿਹਾ ਹੈ। ਇਸ ਵਿਚ ਏਅਰ ਇੰਡੀਆ ਦਾ ਵਿਸਥਾਰ, ਸੈਮੀਕੰਡਕਟਰ ਅਤੇ ਫਿਊਲ ਕੈਟ? ਰਾਫਨਿਕ ਮੈਨੂਫੈਕਚਰਿੰਗ ਪ੍ਰੋਜੈਕਟ, ਇਲੈਕਟ੍ਰਿਕ ਮੋਬਿਲਿਟੀ ਅਤੇ ਡਿਜੀਟਲ ਕਾਰੋਬਾਰ ਸ਼ਾਮਲ ਹਨ। ਅਗਲੇ ਚੇਅਰਮੈਨ ਨੂੰ ਲਗਪਗ 16.24 ਲੱਖ ਕਰੋੜ ਰੁਪਏ ਦੇ ਮਾਲੀਏ ਵਾਲਾ ਸਮੂਹ ਮਿਲੇਗਾ ਤੇ ਉਨ੍ਹਾਂ ਨੂੰ ਕਈ ਮਹੱਤਵਪੂਰਣ ਰਣਨੀਤਕ ਚੁਣੌਤੀਆਂ ਦਾ ਸਾਹਮਣਾ ਕਰਨਾ ਪਵੇਗਾ। ਟਾਟਾ ਸਮੂਹ ਦੀ ਕੰਪਨੀ ਟਾਟਾ ਕਨਸਲਟੈਂਸੀ ਸਰਵਿਸਿਜ਼ (ਟੀਸੀਐੱਸ) ਦੀ ਸਬਸਿਡਿਅਰੀ ਹਾਇਪਰਵਾਲਟ ਹੈਦਰਾਬਾਦ ਵਿਚ ਇਕ ਗੀਗਾਵਾਟ ਸਮਰੱਥਾ ਤੱਕ ਦਾ ਆਰਟੀਫੀਸ਼ੀਅਲ ਇੰਟੈਲੀਜੈਂਸ (ਏਆਈ) ਡਾਟਾ ਸੈਂਟਰ ਵਿਕਸਿਤ ਕਰੇਗੀ। ਇਸ 'ਤੇ ਹਾਈਪਰਵਾਲਟ ਅਤੇ ਉਸਦੇ ਹਿੱਸੇਦਾਰ 70 ਹਜ਼ਾਰ ਕਰੋੜ ਰੁਪਏ ਤੱਕ ਦਾ ਨਿਵੇਸ਼ ਕਰਨਗੇ। ਟੀਸੀਐਸ ਨੇ ਐਕਸਚੇਂਜ ਫਾਈਲਿੰਗ ਵਿਚ ਦੱਸਿਆ ਕਿ ਹਾਈਪਰਵਾਲਟ ਨੇ ਇਸ ਵੱਡੇ ਕੈਂਪਸ ਲਈ 264 ਏਕੜ ਜ਼ਮੀਨ ਹਾਸਲ ਕਰ ਲਈ ਹੈ। ਇਸ ਨੂੰ ਗਾਹਕਾਂ ਦੀ ਮੰਗ ਅਤੇ ਤਕਨਾਲੋਜੀ ਦੀਆਂ ਜ਼ਰੂਰਤਾਂ ਦੇ ਆਧਾਰ 'ਤੇ ਵੱਖ-ਵੱਖ ਪੜਾਵਾਂ ਵਿਚ ਵਿਕਸਿਤ ਕੀਤਾ ਜਾਵੇਗਾ। ਟਾਟਾ ਮੋਟਰਜ਼ ਦੀ ਲਗਜ਼ਰੀ ਕਾਰ ਬਣਾਉਣ ਵਾਲੀ ਕੰਪਨੀ ਜਗੁਆਰ ਲੈਂਡ ਰੋਵਰ (ਜੇਐੱਲਆਰ) ਅਗਲੇ ਦੋ ਸਾਲਾਂ ਵਿਚ ਬ੍ਰਿਟੇਨ ਵਿਚ ਕਰੀਬ ਚਾਰ ਹਜ਼ਾਰ ਨੌਕਰੀਆਂ ਘਟਾਉਣ ਦੀ ਤਿਆਰੀ ਕਰ ਰਹੀ ਹੈ। ਕੰਪਨੀ ਵਧ ਰਹੀ ਲਾਗਤ, ਘੱਟ ਮੰਗ ਅਤੇ ਅਮਰੀਕੀ ਟੈਰਿਫ ਦੇ ਅਸਰ ਨਾਲ ਜੂਝ ਰਹੀ ਹੈ। 'ਦ ਟਾਈਮਜ਼' ਦੀ ਰਿਪੋਰਟ ਦੇ ਅਨੁਸਾਰ, ਜੇਐੱਲਆਰ ਸੋਮਵਾਰ ਨੂੰ ਅਧਿਕਾਰਿਕ ਤੌਰ 'ਤੇ ਛਾਂਟੀ ਪ੍ਰੋਗਰਾਮ ਦਾ ਐਲਾਨ ਕਰ ਸਕਦੀ ਹੈ। ਸ਼ੁੱਕਰਵਾਰ ਨੂੰ ਕਰਮਚਾਰੀਆਂ ਨੂੰ ਦੱਸ ਦਿੱਤਾ ਗਿਆ ਸੀ ਕਿ ਇਹ ਕਦਮ ਜਲਦੀ ਹੀ ਉਠਾਇਆ ਜਾਣਾ ਹੈ।

ਕੈਨੇਡਾ ਤੇ ਅਮਰੀਕਾ 'ਚ ਸਿੱਖਾਂ ਦੀ ਸੁਰੱਖਿਆ ਯਕੀਨੀ ਬਣਾਉਣ ਸਰਕਾਰਾਂ: ਐਡਵੋਕੇਟ ਧਾਮੀ

ਅੰਮ੍ਰਿਤਸਰ 9 ਸਤੰਬਰ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਵਿਦੇਸ਼ਾਂ, ਖਾਸ ਕਰਕੇ ਕੈਨੇਡਾ ਅਤੇ ਅਮਰੀਕਾ ਵਿੱਚ ਸਿੱਖ ਭਾਈਚਾਰੇ ਅਤੇ ਧਾਰਮਿਕ ਸਥਾਨਾਂ ਵਿਰੁੱਧ ਵਧ ਰਹੀਆਂ ਨਫ਼ਰਤੀ ਘਟਨਾਵਾਂ 'ਤੇ ਗੰਭੀਰ ਚਿੰਤਾ ਦਾ ਪ੍ਰਗਟਾਵਾ ਕੀਤਾ ਹੈ। ਇਸ ਮੌਕੇ 'ਤੇ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਜੀ ਨੇ ਕਿਹਾ ਕਿ ਸਿੱਖੀ ਦਾ ਮੁੱਖ ਸੰਕਲਪ 'ਸਰਬੱਤ ਦੇ ਭਲੇ' 'ਤੇ ਆਧਾਰਿਤ ਹੈ। ਇਸ ਵਿੱਚ ਕਿਸੇ ਪ੍ਰਤੀ ਨਫ਼ਰਤ, ਜਾਤ-ਪਾਤ ਜਾਂ ਉੱਚ-ਨੀਚ ਲਈ ਕੋਈ ਥਾਂ ਨਹੀਂ ਹੈ। ਉਨ੍ਹਾਂ ਕਿਹਾ ਕਿ ਜਦੋਂ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਗੁਰਸ਼ਬਦ ਦੀ ਨੀਂਹ ਰੱਖੀ ਸੀ, ਉਦੋਂ ਵੀ ਵਿਰੋਧ ਹੋਇਆ ਸੀ, ਪਰ ਗੁਰੂ ਸਾਹਿਬਾਨ ਨੇ ਮਾਨਵਤਾ ਨੂੰ ਸੱਚ ਅਤੇ ਸਮਾਨਤਾ ਦਾ ਰਾਹ ਦਿਖਾਇਆ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਭ ਦੇ ਸਾਂਝੇ ਹਨ, ਜਿਸ ਵਿੱਚ ਭਗਤਾਂ, ਭੱਟਾਂ ਅਤੇ ਗੁਰਸਿੱਖਾਂ ਦੀ ਬਾਣੀ ਦਰਜ ਹੈ। ਸਿੱਖ ਹਰ ਰੋਜ਼ ਅਰਦਾਸ ਦੇ ਅੰਤ ਵਿੱਚ 'ਨਾਨਕ ਨਾਮ ਚੜ੍ਹਦੀ ਕਲਾ, ਤੇਰੇ ਭਾਣੇ ਸਰਬੱਤ ਦਾ ਭਲਾ' ਮੰਗਦਾ ਹੈ। ਐਡਵੋਕੇਟ ਧਾਮੀ ਨੇ ਕੈਨੇਡਾ ਦੀ ਸਰਕਾਰ ਨੂੰ ਵਿਸ਼ੇਸ਼ ਅਪੀਲ ਕਰਦਿਆਂ ਕਿਹਾ ਕਿ ਉੱਥੇ ਪੰਜਾਬੀ ਦੂਜੀ ਵੱਡੀ ਭਾਸ਼ਾ ਵਜੋਂ ਜਾਣੀ ਜਾਂਦੀ ਹੈ। ਅੱਜ ਗਲੋਬਲਾਈਜ਼ੇਸ਼ਨ ਦੇ ਦੌਰ ਵਿੱਚ ਕੈਨੇਡਾ ਅਤੇ ਅਮਰੀਕਾ ਦੀ ਅਰਥਵਿਵਸਥਾ ਅਤੇ ਤਰੱਕੀ ਵਿੱਚ ਸਿੱਖਾਂ ਦਾ ਬਹੁਤ ਵੱਡਾ ਯੋਗਦਾਨ ਹੈ। ਕਿਸੇ ਸਮੇਂ ਪੰਜਾਬ ਤੋਂ ਬਾਹਰ ਪੈਸੇ ਆਉਂਦੇ ਸਨ, ਪਰ ਅੱਜ ਪੰਜਾਬੀ ਉੱਥੇ ਵੱਡੇ ਕਾਰੋਬਾਰ ਸਥਾਪਤ ਕਰਕੇ ਉੱਥੋਂ ਦੇ ਵਿਕਾਸ ਵਿੱਚ ਹਿੱਸਾ ਪਾ ਰਹੇ ਹਨ। ਉਨ੍ਹਾਂ ਕਿਹਾ ਕਿ ਧਰਮ ਦੇ ਗਿਆਨ ਤੋਂ ਸਾਕਤ ਅਤੇ ਨਫ਼ਰਤ ਫੈਲਾਉਣ ਵਾਲੇ ਕੁਝ ਅਨਸਰ ਅਜਿਹੀਆਂ ਘਟਨਾਵਾਂ ਨੂੰ ਅੰਜਾਮ ਦਿੰਦੇ ਹਨ। ਸਰਕਾਰਾਂ ਨੂੰ ਚਾਹੀਦਾ ਹੈ ਕਿ ਉਹ ਯਤਨਸ਼ੀਲ ਹੋ ਕੇ ਅਜਿਹੀਆਂ

ਅਣਸੁਖਾਵੀਆਂ ਘਟਨਾਵਾਂ 'ਤੇ ਠੱਲ੍ਹ ਪਾਉਣ। ਉਨ੍ਹਾਂ ਦੁਹਰਾਇਆ ਕਿ ਸਿੱਖ ਧਰਮ ਦੀ ਖੂਬਸੂਰਤੀ ਇਹ ਹੈ ਕਿ ਇਹ ਗੁਰਸ਼ਬਦ ਦੀ ਸ਼ਰਨ ਵਿੱਚ ਆਉਣ ਵਾਲੇ ਹਰ ਮਨੁੱਖ ਨੂੰ ਗਲਵਕੜੀ ਲਗਾ ਕੇ ਬਖਸ਼ ਲੈਂਦਾ ਹੈ

ਪੰਜਾਬ 'ਚ ਨਵਾਂ ਸਕੈਮ, ਨਵਾਂ ਖ਼ਤਰਨਾਕ ਤਰੀਕਾ ! ਪੁਲਸ ਦੀ ਚਿਤਾਵਨੀ

ਜਲੰਧਰ 9 ਸਤੰਬਰ। ਪੰਜਾਬ 'ਚ ਸੜਕਾਂ 'ਤੇ ਲੁੱਟ-ਖੋਹ ਕਰਨ ਦਾ ਬੇਹੱਦ ਖ਼ਤਰਨਾਕ ਤਰੀਕਾ ਸਾਹਮਣੇ ਆਇਆ ਹੈ। ਇਸ ਸਕੈਮ 'ਚ ਲੁਟੇਰੇ ਸੁੰਨਸਾਨ ਸੜਕਾਂ 'ਤੇ ਪਰਸ ਸੁੱਟ ਕੇ ਰਾਹਗੀਰਾਂ, ਖ਼ਾਸ ਕਰਕੇ ਐਕਟਿਵਾ

ਸਵਾਰ ਔਰਤਾਂ ਨੂੰ ਆਪਣਾ ਨਿਸ਼ਾਨਾ ਬਣਾ ਰਹੇ ਹਨ। ਇਸ ਨੂੰ ਲੈ ਕੇ ਜਲੰਧਰ ਪੁਲਸ ਵੱਲੋਂ ਹਦਾਇਤਾਂ ਜਾਰੀ ਕਰਦੇ ਹੋਏ ਲੋਕਾਂ ਨੂੰ ਸਕੈਮ ਤੋਂ ਬਚਣ ਲਈ ਸਾਵਧਾਨੀ ਵਰਤਣ ਲਈ ਕਿਹਾ ਹੈ। ਜਾਣਕਾਰੀ ਦਿੰਦੇ ਹੋਏ ਇੰਸਪੈਕਟਰ ਹਰਦੀਪ ਸਿੰਘ ਨੇ ਕਿਹਾ ਕਿ ਜਦੋਂ ਕੋਈ ਵਿਅਕਤੀ ਕਿਸੇ ਅਜਿਹੀ ਸੜਕ ਤੋਂ ਲੰਘ ਰਿਹਾ ਹੁੰਦਾ ਹੈ, ਜਿੱਥੇ ਆਲੇ-ਦੁਆਲੇ ਝੋਨੇ ਦੇ ਖੇਤ ਜਾਂ ਸੁੰਨਸਾਨ ਜਗ?ਹਾ ਹੋਵੇ ਤਾਂ ਸਕੈਮਰ ਉੱਥੇ ਸੜਕ 'ਤੇ ਇਕ ਪਰਸ ਸੁੱਟ ਦਿੰਦੇ ਹਨ। ਰਾਹਗੀਰ ਅਕਸਰ ਪਰਸ ਨੂੰ ਚੁੱਕ ਕੇ ਉਸ ਨੂੰ ਖੋਲ੍ਹ ਲੈਂਦੇ ਹਨ। ਉਹ ਪਰਸ ਦੇ ਮਾਲਕ ਦਾ ਪਤਾ ਲਗਾਉਣ ਲਈ ਉਸ ਵਿੱਚੋਂ ਕੋਈ ਦਸਤਾਵੇਜ਼ (ਜਿਵੇਂ ਕਿ ਆਧਾਰ ਕਾਰਡ ਜਾਂ ਕੋਈ ਐਡਰੈੱਸ ਪਰੂਫ਼) ਜਾਂ ਪਰਸ 'ਚ ਮੌਜੂਦ ਪੈਸੇ ਵੇਖਣ ਲੱਗ ਪੈਂਦੇ ਹਨ। ਇਨ੍ਹਾਂ ਪਰਸਾਂ 'ਤੇ ਕੈਮੀਕਲ ਲੱਗਾ ਹੁੰਦਾ ਹੈ। ਸਕੈਮਰਾਂ ਨੇ ਪਰਸ ਦੇ ਅੰਦਰਲੇ ਪੈਸਿਆਂ (ਨੋਟਾਂ) 'ਤੇ ਇਕ ਖ਼ਾਸ ਕੈਮੀਕਲ ਲਗਾਇਆ ਹੁੰਦਾ ਹੈ। ਜਦੋਂ ਕੋਈ ਵਿਅਕਤੀ ਉਨ੍ਹਾਂ ਪੈਸਿਆਂ ਨੂੰ ਹੱਥ ਲਗਾਉਂਦਾ ਹੈ ਤਾਂ ਉਸ ਦੀਆਂ ਉਂਗਲਾਂ ਚਿਪਚਿਪੀਆਂ ਹੋਣ ਲੱਗਦੀਆਂ ਹਨ। ਇਸ ਦੇ ਬਾਅਦ ਆਮ ਤੌਰ 'ਤੇ ਉਂਗਲਾਂ ਚਿਪਚਿਪੀਆਂ ਹੋਣ 'ਤੇ ਲੋਕ ਤੁਰੰਤ ਉਸ ਚੀਜ਼ ਨੂੰ ਸੁੰਘਣ ਦੀ ਗਲਤੀ ਕਰਦੇ ਹਨ। ਜਿਵੇਂ ਹੀ ਕੋਈ ਇਸ ਕੈਮੀਕਲ ਨੂੰ ਸੁੰਘਦਾ ਹੈ ਤਾਂ ਉਹ ਉੱਥੇ ਹੀ ਬੇਹੋਸ਼ ਹੋ ਜਾਂਦਾ ਹੈ। ਬੇਹੋਸ਼ ਹੋਣ ਤੋਂ ਬਾਅਦ ਹੁੰਦੀ ਹੈ ਲੁੱਟਖੋਹ ਕਰਨ ਵਾਲੇ ਪੀੜਤ ਵਿਅਕਤੀ ਦੇ ਬੇਹੋਸ਼ ਹੁੰਦੇ ਹੀ ਸਕੈਮਰ ਉਸ ਦਾ ਮੋਬਾਇਲ ਫ਼ੋਨ, ਪੈਸੇ ਅਤੇ ਹੋਰ ਕੀਮਤੀ ਸਾਮਾਨ ਲੈ ਕੇ ਫ਼ਰਾਰ ਹੋ ਜਾਂਦੇ ਹਨ ਅਤੇ ਪੀੜਤ ਨੂੰ ਉੱਥੇ ਹੀ ਸੜਕ 'ਤੇ ਬੇਹੋਸ਼ੀ ਦੀ ਹਾਲਤ ਵਿੱਚ ਛੱਡ ਦਿੰਦੇ ਹਨ। ਜਲੰਧਰ ਪੁਲਸ ਨੇ ਇਸ ਦੇ ਬਚਾਅ ਲਈ ਅਹਿਮ ਦਿਸ਼ਾ-ਨਿਰਦੇਸ਼ ਜਾਰੀ ਕੀਤੇ ਹਨ। ਪੁਲਸ ਦਾ ਕਹਿਣਾ ਹੈ ਕਿ ਜੇਕਰ ਸੜਕ 'ਤੇ ਕੋਈ ਵੀ ਪਰਸ ਜਾਂ ਅਜਿਹੀ ਚੀਜ਼ ਪਈ ਵਿਖਾਈ ਦੇਵੇ ਤਾਂ ਉਸ ਨੂੰ ਬਿਲਕੁਲ ਨਾ ਚੁੱਕੋ ਅਤੇ ਨਜ਼ਰਅੰਦਾਜ਼ ਕਰੋ। ਅਜਿਹੀ ਕੋਈ ਵੀ ਸ਼ੱਕੀ ਚੀਜ਼ ਮਿਲਣ 'ਤੇ ਤੁਰੰਤ ਪੁਲਸ ਨੂੰ ਸੂਚਨਾ ਦਿਓ। ਜਲੰਧਰ ਪੁਲਸ ਜਨਤਾ ਦੀ ਸਹਾਇਤਾ ਲਈ ਹਮੇਸ਼ਾ ਤਿਆਰ ਹੈ।

ਅਮਰੀਕਾ-ਕੈਨੇਡਾ 'ਚ ਰੱਖਿਆ ਸੋਨਾ ਵਾਪਸ ਮੰਗ ਰਹੇ ਯੂਰਪੀ ਦੇਸ਼, ਇਸ ਕਾਰਨ ਕੇਂਦਰੀ ਬੈਂਕ ਵਧਾ ਰਹੇ ਸੋਨੇ ਦਾ ਭੰਡਾਰ

ਕੌਮੀ ਪੜ੍ਹਿਕਾ

ਨਵੀਂ ਦਿੱਲੀ 9 ਸਤੰਬਰ। ਦੁਨੀਆ ਵਿਚ ਵਧ ਰਹੀ ਰਾਜਨੀਤਿਕ ਅਤੇ ਆਰਥਿਕ ਅਨਿਸ਼ਚਿਤਤਾ ਵਿਚਕਾਰ ਯੂਰਪੀ ਦੇਸ਼ ਆਪਣੇ ਸੋਨੇ ਦੇ ਭੰਡਾਰ ਨੂੰ ਸੁਰੱਖਿਅਤ ਥਾਵਾਂ ਦੇ ਨੇੜੇ ਲਿਆਉਣ ਵਿਚ ਲੱਗੇ ਹੋਏ ਹਨ। ਅਮਰੀਕਾ ਅਤੇ ਕੈਨੇਡਾ ਵਿਚ ਰੱਖਿਆ ਕਰੀਬ 313 ਟਨ ਸੋਨਾ ਲੰਡਨ ਵਿਚ ਟਰਾਂਸਫਰ ਕੀਤਾ ਜਾ ਚੁੱਕਾ ਹੈ। ਨੀਦਰਲੈਂਡ ਨੇ ਵੀ ਵੱਡੀ ਮਾਤਰਾ ਵਿਚ ਆਪਣਾ ਸੋਨਾ ਉੱਤਰੀ ਅਮਰੀਕਾ ਤੋਂ ਵਾਪਸ ਲਿਆ ਲਿਆ ਹੈ। ਮਾਹਰ?? ਇਸਨੂੰ ਕਿਸੇ ਸੰਭਾਵਿਤ ਆਰਥਿਕ ਜਾਂ ਭੂ-ਰਾਜਨੀਤਿਕ ਸੰਕਟ ਦੀ ਤਿਆਰੀ ਦੇ ਤੌਰ 'ਤੇ ਦੇਖ ਰਹੇ ਹਨ। ਬੀਬੀਸੀ ਅਨੁਸਾਰ, ਨੀਦਰਲੈਂਡ ਦੇ ਇਸ ਕਦਮ ਨੇ ਖਾਸ ਤੌਰ 'ਤੇ ਧਿਆਨ ਖਿੱਚਿਆ ਹੈ। ਮੰਨਿਆ ਜਾ ਰਿਹਾ ਹੈ ਕਿ ਡੱਚ ਕੇਂਦਰੀ ਬੈਂਕ ਅਤੇ ਆਰਥਸ਼ਾਸਤਰੀ ਸੰਕਟ ਦੀ ਸਥਿਤੀ ਵਿਚ ਸੋਨੇ ਨੂੰ ਤੁਰੰਤ ਵਰਤਣ ਦੀ ਸਮਰੱਥਾ ਆਪਣੇ ਹੱਥ ਵਿਚ ਰੱਖਣਾ ਚਾਹੁੰਦੇ ਹਨ। ਸੋਨੇ ਨੂੰ ਲੰਬੇ ਸਮੇਂ ਤੋਂ ਸੁਰੱਖਿਅਤ ਜਾਇਦਾਦ ਮੰਨਿਆ ਜਾਂਦਾ ਹੈ, ਜਦੋਂ ਵਿੱਤੀ ਬਾਜ਼ਾਰਾਂ ਤੇ ਮੁਦਰਾ 'ਤੇ ਭਰੋਸਾ ਕਮਜ਼ੋਰ ਹੁੰਦਾ ਹੈ। ਯੂਰਪ ਦੇ ਹੋਰ ਦੇਸ਼ ਵੀ ਪਹਿਲਾਂ ਇਸ ਤਰ੍ਹਾਂ ਦੇ ਕਦਮ ਚੁੱਕ ਚੁੱਕੇ ਹਨ। ਫਰਾਂਸ ਨੇ ਅਮਰੀਕਾ ਵਿਚ ਰੱਖਿਆ ਆਪਣਾ ਸੋਨਾ ਵਾਪਸ ਮੰਗਣ ਦਾ ਐਲਾਨ ਕੀਤਾ ਸੀ। ਇਸੇ ਤਰ੍ਹਾਂ, ਜਰਮਨੀ ਦੇ ਬੁੰਡੇਸਬੈਂਕ ਨੇ 2016 ਤੱਕ ਵਿਦੇਸ਼ ਵਿਚ ਰੱਖਿਆ 216 ਟਨ ਤੋਂ ਵੱਧ

ਸੋਨਾ ਵਾਪਸ ਜਰਮਨੀ ਲਿਆਂਦਾ ਸੀ। ਇਸ ਵਿਚ ਨਿਊਯਾਰਕ ਤੋਂ ਕਰੀਬ 111 ਟਨ ਅਤੇ ਪੈਰਿਸ ਤੋਂ ਲਗਪਗ 105 ਟਨ ਸੋਨਾ ਸ਼ਾਮਲ ਸੀ। ਮਾਹਰਾਂ ਮੁਤਾਬਕ, ਗਲੋਬਲ ਅਸਥਿਰਤਾ ਦੇ ਦੌਰ ਵਿਚ ਕੇਂਦਰੀ ਬੈਂਕਾਂ ਲਈ ਸੋਨੇ ਦੀ ਭੂਗੋਲਿਕ ਸਥਿਤੀ ਵੀ ਮਹੱਤਵਪੂਰਨ ਹੋ ਜਾਂਦੀ ਹੈ। ਸ਼ੀਤ ਯੁੱਧ ਦੇ ਦੌਰਾਨ ਕਈ ਯੂਰਪੀ ਦੇਸ਼ਾਂ ਨੇ ਆਪਣਾ ਸੋਨਾ ਨਿਊਯਾਰਕ ਵਿਚ ਇਸ ਲਈ ਰੱਖਿਆ ਸੀ ਕਿ ਲੋੜ ਪੈਣ 'ਤੇ ਇਹ ਸੁਰੱਖਿਅਤ ਰਹੇ। ਹੁਣ ਜੰਗ, ਵਪਾਰਕ ਤਣਾਅ, ਮਹਿੰਗਾਈ ਅਤੇ ਵਿਆਜ ਦਰਾਂ ਨੂੰ ਲੈ ਕੇ ਵਧ ਰਹੀ ਅਨਿਸ਼ਚਿਤਤਾ ਵਿਚਕਾਰ ਕੁਝ ਦੇਸ਼ ਫਿਰ ਤੋਂ ਆਪਣੇ ਭੰਡਾਰ ਦੀ ਸਥਿਤੀ 'ਤੇ ਵਿਚਾਰ ਕਰ ਰਹੇ ਹਨ। ਡੀ ਨੀਦਰਲੈਂਡੇਸ਼ ਬੈਂਕ ਅਨੁਸਾਰ, ਅਮਰੀਕਾ ਅਤੇ ਕੈਨੇਡਾ ਤੋਂ ਮਾਰਚ ਤੋਂ ਅਗਸਤ ਵਿਚਕਾਰ ਵਾਪਸ ਲਿਆ ਗਿਆ ਸੋਨਾ ਬੈਂਕ ਆਫ ਇੰਗਲੈਂਡ ਦੀ ਤਿਜੋਰੀ ਵਿਚ ਰੱਖਿਆ ਜਾਵੇਗਾ। ਲੰਡਨ ਨੂੰ ਸੋਨੇ ਦੇ ਵਪਾਰ ਦਾ ਪ੍ਰਮੁੱਖ ਕੇਂਦਰ ਮੰਨਿਆ ਜਾਂਦਾ ਹੈ। ਸੰਕਟ ਦੇ ਸਮੇਂ ਇੱਥੇ ਸੋਨੇ ਦੀ ਖਰੀਦ-ਫਰੋਖਤ ਆਸਾਨੀ ਨਾਲ ਕੀਤੀ ਜਾ ਸਕਦੀ ਹੈ। ਬੈਂਕ ਆਫ ਇੰਗਲੈਂਡ ਦੁਨੀਆ ਦੇ ਸਭ ਤੋਂ ਵੱਡੇ ਸੋਨੇ ਦੇ ਭੰਡਾਰਾਂ ਦੇ ਸੁਰੱਖਿਅਕਾਂ ਵਿਚੋਂ ਇਕ ਹੈ। ਮੱਧ ਲੰਡਨ ਸਥਿਤ ਲਗਪਗ 300 ਸਾਲ ਪੁਰਾਣੇ ਇਸ ਬੈਂਕ ਦੀ ਤਿਜੋਰੀਆਂ ਵਿਚ ਲਗਪਗ ਚਾਰ ਲੱਖ ਸੋਨੇ ਦੀ ਇੱਟਾਂ ਰੱਖੀਆਂ ਜਾਣ ਦੀ ਉਮੀਦ ਹੈ, ਜਿਨ੍ਹਾਂ ਦੀ ਕੀਮਤ 200 ਅਰਬ ਪੌਂਡ ਤੋਂ ਵੱਧ ਮੰਨੀ ਜਾਂਦੀ ਹੈ। ਪਿਛਲੇ ਚਾਰ ਸਾਲਾਂ ਵਿਚ ਦੁਨੀਆ ਭਰ ਦੇ ਕੇਂਦਰੀ ਬੈਂਕਾਂ ਨੇ ਔਸਤ ਹਰ ਸਾਲ ਲਗਪਗ 1,000 ਟਨ ਸੋਨਾ ਖਰੀਦਿਆ ਹੈ। ਵਿਸ਼ਵ ਸੋਨਾ ਕੌਂਸਲ ਦੇ ਅਨੁਸਾਰ, ਇਹ ਪਿਛਲੇ ਦਸ ਸਾਲਾਂ ਦੇ ਔਸਤ ਤੋਂ